SO KAHIYAT HAI SOORA (Monthly)
Volume 3 Issue 4
April 2017, S.A.S. Nagar (Mohali)

RNI Registration No: PUNPUN/2015/61118
ਅਪ੍ਰੈਲ 2017
ਚੇਤ-ਵੈਸਾਖ
੫੪੯ ਨਾਨਕਸ਼ਾਹੀ
₹ 20

# ਸੋ ਕਹੀਅਤ ਹੈ ਸੂਰਾ



## ਖਾਲਸਾ ਅਕਾਲ ਪੁਰਖ ਕੀ ਫੌਜ ॥
## ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ ॥

## ਧਰਮ ਪ੍ਰਚਾਰ ਲਹਿਰ ਲਈ ਸੇਵਾ ਦੇਣ ਵਾਲੇ ਸੱਜਣਾਂ ਦੇ ਨਾਮ

| | |
|---|---|
| 1. ਅਖੰਡ ਕੀਰਤਨੀ ਜਥਾ ਯੂ.ਕੇ. | 15,000 ਰੁਪਏ |
| 2. ਭਾਈ ਕੁਲਦੀਪ ਸਿੰਘ ਫ਼ਗਵਾੜਾ | 2000 ਰੁਪਏ |
| 3. ਭਾਈ ਸਰਬਜੀਤ ਸਿੰਘ ਮੁਕੇਰੀਆਂ | 1000 ਰੁਪਏ |
| 4. ਭਾਈ ਕੁਲਦੀਪ ਸਿੰਘ ਨਰਾਇਣਗੜ੍ਹ | 500 ਰੁਪਏ |
| 5. ਭਾਈ ਰਾਮ ਸਿੰਘ ਰੂਪਨਗਰ | 2000 ਰੁਪਏ |
| 6. ਭਾਈ ਇੰਦਰਪਾਲ ਸਿੰਘ ਰੂਪਨਗਰ | 1000 ਰੁਪਏ |
| 7. ਭਾਈ ਹਰਭਜਨ ਸਿੰਘ ਬੁੱਢੀਪਿੰਡ | 1000 ਰੁਪਏ |
| 8. ਭਾਈ ਇੰਦਰਜੀਤ ਸਿੰਘ ਮਨਸੂਰਵਾਲ | 500 ਰੁਪਏ |
| 9. ਭਾਈ ਰਣਜੀਤ ਸਿੰਘ ਸ੍ਰੀ ਅਨੰਦਪੁਰ ਸਾਹਿਬ | 500 ਰੁਪਏ |
| 10. ਭਾਈ ਕਰਮ ਸਿੰਘ ਟਾਂਡਾ | 500 ਰੁਪਏ |
| 11. ਗੁਪਤ | 12,900 ਰੁਪਏ |
| 12. ਭਾਈ ਜਸਵਿੰਦਰ ਸਿੰਘ ਕਾਹਮਾ | 100 ਰੁਪਏ |
| 13. ਭਾਈ ਸਵਿੰਦਰ ਸਿੰਘ ਅਦਲੀਵਾਲ | 200 ਰੁਪਏ |
| ਕੁੱਲ ਜੋੜ = | 37,200 ਰੁਪਏ |

ਹੁਣ ਤੁਸੀਂ 'ਸੋ ਕਹੀਅਤ ਹੈ ਸੂਰਾ' ਲਈ ਚੰਦਾ ਅਤੇ ਮਾਇਕ ਸਹਾਇਤਾ ਬੈਂਕ ਜ਼ਰੀਏ ਵੀ ਭੇਜ ਸਕਦੇ ਹੋ।

ਬੈਂਕ ਅਕਾਊਂਟ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

| | |
|---|---|
| Name of Account: | SO KAHIYAT HAI SOORA |
| Name of Bank: | Bank of Baroda |
| Branch: | Sector 59, Mohali. (Punjab) |
| Account No: | 36770200000150 |
| Swift Code: | BARBINBBCHD |
| IFSC Code: | BARB0SECMOH |

## ਚੰਦੇ ਪ੍ਰਤੀ ਬੇਨਤੀ

'ਸੋ ਕਹੀਅਤ ਹੈ ਸੂਰਾ' ਦੇ ਪਾਠਕ ਜਨਾਂ ਅਤੇ ਸਮੁੱਚੀਆਂ ਸੰਗਤਾਂ/ ਸਹਿਯੋਗੀਆਂ ਦੇ ਅਸੀਂ ਧੰਨਵਾਦੀ ਹਾਂ, ਜਿਨ੍ਹਾਂ ਦੇ ਸਹਿਯੋਗ ਨਾਲ ਤੁਹਾਡਾ ਆਪਣਾ ਗੁਰਮਤਿ ਮਾਸਿਕ ਪੱਤਰ ਸਫ਼ਲਤਾ ਦੇ ਨਾਲ ਚੱਲ ਰਿਹਾ ਹੈ। ਪਾਠਕ ਜਨਾਂ ਨੂੰ ਬੇਨਤੀ ਹੈ ਕਿ ਜਿਨ੍ਹਾਂ ਦੇ ਸਾਲਾਨਾ ਚੰਦੇ ਖ਼ਤਮ ਹੋ ਗਏ ਹਨ, ਕਿਰਪਾ ਕਰਕੇ ਸਾਲਾਨਾ ਸਮਾਗਮਾਂ ਮੌਕੇ ਜਾਂ ਆਪਣੇ ਨੇੜਲੇ ਸਾਡੇ ਪ੍ਰਤੀਨਿਧ/ ਸਾਡੇ ਮੁੱਖ ਦਫ਼ਤਰ ਵਿਚ/ ਬੈਂਕ ਖ਼ਾਤੇ ਵਿਚ ਚੰਦਿਆਂ ਦੀ ਮਾਇਆ ਭੇਜਣ ਦੀ ਕਿਰਪਾਲਤਾ ਕਰਨੀ। ਇਸ ਦੇ ਨਾਲ ਹੀ ਬੈਂਕ ਅਕਾਊਂਟ 'ਚ ਜੇਕਰ ਆਪ ਚੰਦਿਆਂ ਦੀ ਮਾਇਆ ਭੇਜਦੇ ਹੋ ਤਾਂ ਇਸ ਤੋਂ ਬਾਅਦ ਫ਼ੋਨ ਨੰਬਰ : 93577-23874 'ਤੇ ਫ਼ੋਨ ਕਰਕੇ ਸੂਚਿਤ ਕਰਨ ਦੀ ਵੀ ਕ੍ਰਿਪਾਲਤਾ ਕਰਨੀ ਜੀ।

'ਸੋ ਕਹੀਅਤ ਹੈ ਸੂਰਾ' ਨਾਲ ਸੰਬੰਧਤ ਕਿਸੇ ਵੀ ਸ਼ਿਕਾਇਤ ਜਾਂ ਸੁਝਾਅ ਨੂੰ ਤੁਸੀਂ ਸਾਡੇ ਵਟਸਐਪ ਨੰਬਰ : +91-86990-23874 'ਤੇ ਭੇਜ ਸਕਦੇ ਹੋ।

**See Online Edition :**

**www.akjmagazine.com**

**www.facebook.com/skhsoora**

ਹੁਣ 'ਸੋ ਕਹੀਅਤ ਹੈ ਸੂਰਾ' ਤੁਸੀਂ ਅਖੰਡ ਕੀਰਤਨੀ ਜਥੇ ਦੀ ਅਧਿਕਾਰਤ ਵੈੱਬਸਾਈਟ www.akj.org 'ਤੇ ਵੀ ਪੜ੍ਹ ਸਕਦੇ ਹੋ।

ਅਖੰਡ ਕੀਰਤਨੀ ਜਥੇ ਦੀ ਇਕੋ ਇਕ ਅਧਿਕਾਰਤ ਵੈੱਬਸਾਈਟ www.akj.org ਹੈ।




## 'ਸੋ ਕਹੀਅਤ ਹੈ ਸੂਰਾ' ਹੇਠਾਂ ਦਿੱਤੇ ਸਿੰਘਾਂ ਤੋਂ ਪ੍ਰਾਪਤ ਕਰ ਸਕਦੇ ਹੋ

੧. ਸ੍ਰੀ ਅੰਮ੍ਰਿਤਸਰ ਸਾਹਿਬ – ਰੰਗਲੇ ਸੱਜਣ ਮੈਮੋਰੀਅਲ ਚੈਰੀਟੇਬਲ ਟ੍ਰਸਟ, ਚੌਂਕ ਬਾਬਾ ਸਾਹਿਬ, ਨੇੜੇ ਸ੍ਰੀ ਦਰਬਾਰ ਸਾਹਿਬ।
ਭਾਈ ਅਮਨਦੀਪ ਸਿੰਘ, ਫ਼ੋਨ : 94173-08093

੨. ਅੰਬਾਲਾ - ਸੂਬੇਦਾਰ ਮੇਜਰ ਬਲਦੇਵ ਸਿੰਘ, ਫ਼ੋਨ : 094666-93516

੩. ਫ਼ਗਵਾੜਾ - ਭਾਈ ਕੁਲਦੀਪ ਸਿੰਘ, ਫ਼ੋਨ : 98786-23523

੪. ਜੰਮੂ - ਭਾਈ ਜਗਦੀਸ਼ ਸਿੰਘ : 094193-13450

੫. ਮੋਗਾ - ਭਾਈ ਸਤਨਾਮ ਸਿੰਘ, ਫ਼ੋਨ : 94633-41799

੬. ਬਠਿੰਡਾ - ਭਾਈ ਅਮਰੀਕ ਸਿੰਘ, ਫ਼ੋਨ : 94632-14774

੭. ਪਟਿਆਲਾ - ਭਾਈ ਸੁਲੱਖਣ ਸਿੰਘ, ਖ਼ਾਲਸਾ ਨਿਸ਼ਾਨ ਸਟੋਰ, ਦੁਕਾਨ ਨੰ : 15, ਗੁ. ਦੁਖਨਿਵਾਰਨ ਸਾਹਿਬ ਮਾਰਕੀਟ, ਫ਼ੋਨ : 0175-2361415

੮. ਬਰੇਲੀ (ਉਤਰ ਪ੍ਰਦੇਸ਼) - ਡਾ. ਰਜਿੰਦਰ ਸਿੰਘ,
ਫ਼ੋਨ : 098379-88530

੯. ਰੂਪਨਗਰ - ਭਾਈ ਰਾਮ ਸਿੰਘ, ਫ਼ੋਨ : 82880-05590

੧੦. ਗੁਰਦਾਸਪੁਰ - ਭਾਈ ਹਰਦਿਆਲ ਸਿੰਘ, ਫ਼ੋਨ : 98728-18933

੧੧. ਲੁਧਿਆਣਾ– ਭਾਈ ਦਰਸ਼ਨ ਸਿੰਘ, ਫ਼ੋਨ : 94178- 57388
ਭਾਈ ਗੁਰਜੋਤ ਸਿੰਘ, ਫ਼ੋਨ : 92161-29611

੧੨. ਸ੍ਰੀ ਮੁਕਤਸਰ ਸਾਹਿਬ– ਭਾਈ ਮਹਿਤਾਬ ਸਿੰਘ, ਫ਼ੋਨ : 95173-59786

੧੩. ਦਿੱਲੀ– ਭਾਈ ਗੁਰਮੀਤ ਸਿੰਘ ਕਸ਼ਮੀਰੀ, ਫ਼ੋਨ : 098111-14510
ਭਾਈ ਗੁਰਪ੍ਰੀਤ ਸਿੰਘ (ਨਿਹੰਗ) : 092125-79832

੧੪. ਮਾਨਸਾ - ਭਾਈ ਗੁਰਮੇਲ ਸਿੰਘ, ਫ਼ੋਨ : 94643-55517.

੧੫. ਹੁਸ਼ਿਆਰਪੁਰ– ਭਾਈ ਦਵਿੰਦਰ ਸਿੰਘ, ਫ਼ੋਨ : 94177-60601

੧੬. ਅਮਰੀਕਾ : ਸਿਆਟਲ– ਭਾਈ ਮਲਕੀਅਤ ਸਿੰਘ
ਫ਼ੋਨ : +1-253-682-9337
ਲਾਸਵੇਗਸ– ਭਾਈ ਬਲਜੀਤ ਸਿੰਘ, ਫ਼ੋਨ : +1-702-748-7372
ਲਾਸ ਏਂਜਲਸ– ਭਾਈ ਹਰਸਿਮਰਨ ਸਿੰਘ, ਫ਼ੋਨ : +1-310-600-9629
ਬੇਅ ਏਰੀਆ– ਭਾਈ ਮੋਹਨ ਸਿੰਘ ਦਾਸੂਵਾਲ, ਫ਼ੋਨ : +1-209-624-9548
ਨਿਊਯਾਰਕ– ਭਾਈ ਜਸਜੀਤ ਸਿੰਘ, ਫ਼ੋਨ : +1-732-887-7516

੧੭. ਆਸਟਰੇਲੀਆ– ਭਾਈ ਤੇਜਿੰਦਰ ਸਿੰਘ,
ਵਿਕਟੋਰੀਆ, ਫ਼ੋਨ : 0-0430-539134

੧੮. ਡੈਨਮਾਰਕ–ਭਾਈ ਗੁਰਸੇਵਕ ਸਿੰਘ ਫ਼ੋਨ : +456-199-9854

੧੯. ਕੈਨੇਡਾ : ਟੋਰਾਂਟੋ– ਭਾਈ ਜਸਦੀਪ ਸਿੰਘ, ਫ਼ੋਨ : +1-416-500-0610
ਵੈਨਕੂਵਰ– ਭਾਈ ਕੁਲਵਿੰਦਰ ਸਿੰਘ, ਫ਼ੋਨ : +1-604-764-4805

੨੦. ਯੂ.ਕੇ.-ਭਾਈ ਸਤਨਾਮ ਸਿੰਘ, ਫ਼ੋਨ : +44-779-595-0739

# SO KAHIYAT HAI SOORA
(Monthly)

RNI NO: PUNPUN/2015/61118

Volume 3 Issue 4



### ਸਰਪ੍ਰਸਤ
ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਲਾਏ ਨਿਰਮਲ ਪੰਥ ਦੀ ਗੁਰਮਤਿ ਵਿਚਾਰਧਾਰਾ।

### ਮੁੱਖ ਸੰਪਾਦਕ
ਤਲਵਿੰਦਰ ਸਿੰਘ

### ਸਲਾਹਕਾਰ ਬੋਰਡ
ਭਾਈ ਬਖ਼ਸ਼ੀਸ਼ ਸਿੰਘ ਫ਼ਗਵਾੜਾ

ਭਾਈ ਜੋਧ ਸਿੰਘ ਦਿੱਲੀ

ਭਾਈ ਅਜੀਤ ਸਿੰਘ ਲੁਧਿਆਣਾ

ਭਾਈ ਕੁਲਦੀਪ ਸਿੰਘ ਮਤਵਾਲਾ

### ਕਾਨੂੰਨੀ ਸਲਾਹਕਾਰ
ਐਡਵੋਕੇਟ ਭਾਈ ਅਮਰਜੀਤ ਸਿੰਘ ਅੰਮ੍ਰਿਤਸਰ



### ਮੁੱਖ ਦਫ਼ਤਰ
ਮਕਾਨ ਨੰਬਰ : 532, ਫ਼ੇਜ਼-3ਬੀ1, ਐੱਸ.ਏ.ਐੱਸ. ਨਗਰ, (ਮੋਹਾਲੀ) ਪਿੰਨ : 160059

ਫ਼ੋਨ ਨੰਬਰ : 93177-53202

### ਰਚਨਾਵਾਂ ਭੇਜਣ ਦਾ ਪਤਾ
ਮਾਰਫ਼ਤ ਤਲਵਿੰਦਰ ਸਿੰਘ ਬੁੱਟਰ

ਸ਼ਹੀਦ ਬਾਬਾ ਦੀਪ ਸਿੰਘ ਜੀ ਕਲੋਨੀ,

ਸ੍ਰੀ ਦਸਮੇਸ਼ ਅਕੈਡਮੀ ਰੋਡ,

ਸ੍ਰੀ ਅਨੰਦਪੁਰ ਸਾਹਿਬ। ਪਿੰਨ : 140118

e-mail : akjmagzine@yahoo.com

ਫ਼ੋਨ ਨੰਬਰ : +91-98780-70008
+91-94649-44440

(ਕੇਵਲ ਸੰਪਾਦਕੀ ਮਾਮਲਿਆਂ ਲਈ)



Printed & published by Satinder Pal Singh on behalf of Satinder Pal Singh, Printed at Majestic Printing Press Bay Shop No.7, Near Chawla Nursing Home Phase 7, S.A.S. Nagar Mohali and published from H. No 532, Phase-3B1, S.A.S. Nagar, Mohali.
EDITOR: TALWINDER SINGH BUTTAR


# ਸੰਪਾਦਕੀ

## ੧੯੧੯ ਦੀ ਵਿਸਾਖੀ

ਹੱਕ, ਸੱਚ ਦੇ ਉਥਾਨ ਅਤੇ ਝੂਠ ਤੇ ਜਬਰ-ਜ਼ੁਲਮ ਦੇ ਨਾਸ਼ ਲਈ ਸਿੱਖ ਕੌਮ ਨਿਰੰਤਰ ਸੰਘਰਸ਼ ਕਰਦੀ ਆਈ ਹੈ। ਇਸੇ ਕਰਕੇ ਹੀ ਅੱਜ ਤੱਕ ਸਿੱਖ ਕੌਮ ਨੂੰ ਝੂਠ ਦੇ ਵਪਾਰੀਆਂ, ਦੰਭੀਆਂ, ਜ਼ਾਲਮਾਂ ਤੇ ਜ਼ਰਵਾਣਿਆਂ ਨੇ ਹਮੇਸ਼ਾ ਖ਼ਤਮ ਕਰਨ ਦਾ ਤਾਣ ਲਗਾਇਆ ਹੋਇਆ ਹੈ।ਸੰਨ ੧੯੧੯ ਦੀ ਵਿਸਾਖੀ ਵਾਲੇ ਦਿਨ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਵਾਪਰੇ ਸ਼ਹੀਦੀ ਸਾਕੇ ਦੀ ਘਟਨਾ ਵੀ ਦੰਭ ਤੇ ਕੁਫ਼ਰ ਦੇ ਖਿਲਾਫ਼ ਸਿੱਖ ਧਰਮ ਦੀ ਸਿਧਾਂਤਕ ਸਪੱਸ਼ਟਤਾ, ਦ੍ਰਿੜ੍ਹਤਾ ਅਤੇ ਆਪਣੇ ਇਸ਼ਟ ਖ਼ਾਤਰ ਕੁਰਬਾਨੀ ਦੀ ਮਿਸਾਲ ਸੀ। ਇਹ ਘਟਨਾ ਸਿੱਖ ਇਤਿਹਾਸ ਦਾ ਹਿੱਸਾ ਬਣ ਚੁੱਕੀ ਹੈ ਪਰ ਅਜੋਕੇ ਹਾਲਾਤ ਦੇਖੀਏ ਤਾਂ ਮੁੜ ੧੯੧੯ ਵਾਂਗ ਅੱਜ ਵੀ ਸਿੱਖ ਕੌਮ ਨੂੰ ਦੰਭੀ ਗੁਰੂਆਂ, ਜਾਬਰਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ਰੀਕਾ ਪਾਲਣ ਵਾਲੇ ਦੁਸ਼ਟਾਂ ਵਲੋਂ ਨਿਰੰਤਰ ਚੁਣੌਤੀਆਂ ਦਿੱਤੀਆਂ ਜਾ ਰਹੀਆਂ ਹਨ। ਇਹ ਚੁਣੌਤੀਆਂ ਇਕ ਡੂੰਘੇ ਸਿਧਾਂਤਕ ਪ੍ਰਸੰਗ ਤਹਿਤ ਦਿੱਤੀਆਂ ਜਾ ਰਹੀਆਂ ਹਨ। ਦਿਨ-ਬ-ਦਿਨ ਹਕੂਮਤੀ ਸਰਪ੍ਰਸਤੀ ਹੇਠ ਦੇਹਧਾਰੀ ਗੁਰੂਡੰਮੀ ਅਤੇ ਵਿਹਲੜ ਡੇਰੇਦਾਰਾਂ ਦੀਆਂ ਫ਼ੌਜਾਂ ਅਮਰ ਵੇਲ ਵਾਂਗ ਪੰਜਾਬ ਦੀ ਧਰਤੀ 'ਤੇ ਵੱਧਦੀਆਂ ਜਾ ਰਹੀਆਂ ਹਨ। ਇਥੇ ਹੀ ਬੱਸ ਨਹੀਂ, ਸਿੱਖਾਂ ਦੇ ਸਿਧਾਂਤ 'ਤੇ ਸੱਟ ਮਾਰਨੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਸ਼ਰੀਕਾ ਪਾਲਣਾ ਅਤੇ ਸਿੱਖੀ ਅਣਖ ਨੂੰ ਵੰਗਾਰਨਾ ਇਨ੍ਹਾਂ ਸਾਰੇ ਦੇਹਧਾਰੀ ਗੁਰੂਡੰਮੀਆਂ ਦਾ ਅਕੀਦਾ ਹੈ। ਗੁਰਬਾਣੀ ਦੇ ਅਰਥਾਂ ਨੂੰ ਆਪਣੇ ਦੇਹਧਾਰੀ ਗੁਰੂਡੰਮ ਨੂੰ ਫ਼ੈਲਾਉਣ ਲਈ ਤੋੜ-ਮਰੋੜ ਕੇ ਪੇਸ਼ ਕਰਨਾ ਅਤੇ 'ਅੰਧੀ ਰਈਅਤ' ਦੇ ਵੱਗਾਂ ਨੂੰ ਆਪਣੇ ਪਿੱਛੇ ਲਗਾ ਕੇ ਸਮੂਹਿਕ ਸਿੱਖੀ ਚੇਤਨਾ ਨੂੰ 'ਸ਼ਬਦ ਗੁਰੂ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲੋਂ ਤੋੜਨ ਦੇ ਯਤਨ ਇਨ੍ਹਾਂ ਦੀਆਂ ਡੂੰਘੀਆਂ ਸਾਜਿਸ਼ੀ ਨੀਤੀਆਂ ਦਾ ਹਿੱਸਾ ਹਨ। ਇਸ ਦੇ ਪ੍ਰਭਾਵ ਕਾਰਨ ਹੀ ਅੱਜ ਬਹੁਗਿਣਤੀ ਸਿੱਖ ਕਹਾਉਣ ਵਾਲੇ ਲੋਕ ਸ਼ਬਦ ਗੁਰੂ ਦਾ ਲੜ ਛੱਡ ਕੇ ਦੇਹਧਾਰੀਆਂ ਕੋਲੋਂ ਸੋਸ਼ਣ ਦਾ ਸ਼ਿਕਾਰ ਵੀ ਹੋ ਰਹੇ ਹਨ। ਸੰਨ ੧੯੧੯ ਵਿਚ ਵਿਸਾਖੀ ਵਾਲੇ ਦਿਨ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ਼ਬਦ ਗੁਰੂ ਦੀ ਤੌਹੀਨ ਅਤੇ ਸਿੱਖੀ ਅਣਖ ਨੂੰ ਵੰਗਾਰ ਪੈਣ ਕਾਰਨ ੧੩ ਸਿੰਘਾਂ ਨੇ ਆਪਣੇ ਪ੍ਰਾਣਾਂ ਦੀ ਆਹੂਤੀ ਦਿੱਤੀ ਸੀ ਅਤੇ ਉਸ ਤੋਂ ਬਾਅਦ ਸਿੱਖ ਕੌਮ ਨੂੰ ਦੋ ਦਹਾਕੇ ਦੇ ਲਗਭਗ ਲਹੂ ਵੀਟਵਾਂ ਸੰਘਰਸ਼ ਕਰਨਾ ਪਿਆ। ਅੱਜ ਫ਼ਿਰ ਸਮੇਂ ਦੀਆਂ ਹਕੂਮਤਾਂ ਸਿੱਖਾਂ ਦਾ ਦਮਨ ਕਰਨ ਲਈ ਤਿੰਨ ਦਹਾਕੇ ਪਹਿਲਾਂ ਵਾਲੇ ਹੀ ਹਾਲਾਤ ਪੈਦਾ ਕਰਨ 'ਤੇ ਤੁਲੀਆਂ ਹੋਈਆਂ ਹਨ। ਪਰ ਅੱਜ ਸਾਨੂੰ ਸਭ ਤੋਂ ਪਹਿਲਾਂ ਆਪਣੇ ਅੰਦਰ ਦੀਆਂ ਗਿਰਾਵਟਾਂ ਨੂੰ ਦੂਰ ਕਰਕੇ ਸਿੱਖੀ ਆਚਰਣ, ਸ਼ਬਦ ਗੁਰੂ 'ਤੇ ਅਟੁੱਟ ਸ਼ਰਧਾ ਅਤੇ ਸਿਧਾਂਤ ਦੇ ਪ੍ਰਪੱਕ ਧਾਰਨੀ ਹੋਣਾ ਚਾਹੀਦਾ ਹੈ ਅਤੇ ਸਮੂਹਿਕ ਸਿੱਖ ਚੇਤਨਾ ਨੂੰ ਗੁਰਬਾਣੀ ਦੇ ਕਥਨ 'ਸਤਿਗੁਰ ਬਾਝੌਂ ਗੁਰ ਨਹੀਂ ਕੋਇ' ਦੇ ਅਨਮੋਲ ਸਿਧਾਂਤ ਨਾਲ ਜੋੜਨ ਦੇ ਉਪਰਾਲੇ ਕਰਨੇ ਚਾਹੀਦੇ ਹਨ। ਜਿਹੜੇ ਮਨੋਰਥ ਖ਼ਾਤਰ, ਜਿਸ ਅਣਖੀਲੀ ਪ੍ਰੰਪਰਾ ਨੂੰ ਸੁਰਜੀਤ ਰੱਖਣ ਖ਼ਾਤਰ ੧੯੧੯ ਦੀ ਵਿਸਾਖੀ ਵਾਲੇ ਦਿਨ ੧੩ ਸਿੰਘਾਂ ਨੇ ਸ਼ਹੀਦੀਆਂ ਪਾਈਆਂ, ਸਾਨੂੰ ਉਨ੍ਹਾਂ ਗੁਰਮਤਿ ਸਿਧਾਂਤਾਂ ਨੂੰ ਅਜੋਕੇ ਪ੍ਰਸੰਗ ਦੀਆਂ ਅੰਤਰ ਦ੍ਰਿਸ਼ਟੀਆਂ ਨਾਲ ਦੇਖ ਕੇ ਗੁਰਸਿੱਖੀ ਸਿਧਾਂਤ 'ਤੇ ਆਪੋ ਆਪਣੀ ਸਮਰੱਥਾ ਮੁਤਾਬਕ ਪਹਿਰਾ ਦੇਣਾ ਚਾਹੀਦਾ ਹੈ। ਇਹ ਹੀ ਸਮੇਂ ਦੀ ਮੁੱਖ ਮੰਗ ਹੈ। ਅਸੀਂ ੧੯੧੯ ਦੇ ਸ਼ਹੀਦੀ ਸਾਕੇ ਦੇ ਸਮੂਹ ਸ਼ਹੀਦਾਂ ਨੂੰ ਸਤਿਕਾਰ ਭਾਵਨਾ ਭੇਟ ਕਰਦਿਆਂ ਗੁਰੂ ਸਾਹਿਬ ਅੱਗੇ ਅਰਦਾਸ ਕਰਦੇ ਹਾਂ ਕਿ ਆਪਣੇ ਪੰਥ ਨੂੰ ਅਜੋਕੀਆਂ ਕਲਯੁਗੀ ਬਿਖਮ ਚੁਣੌਤੀਆਂ ਦੇ ਦੌਰ ਦਾ ਸਾਹਮਣਾ ਕਰਨ ਲਈ ਬਲ ਬਖ਼ਸ਼ਣ।


### ਬੇਨਤੀ
ਹਥਲਾ ਮਾਸਿਕ ਪੱਤਰ ਨਿਰੋਲ ਗੁਰਮਤਿ ਸਾਹਿਤਕ ਪਰਚਾ ਹੈ ਅਤੇ ਇਸ ਵਿਚ ਗੁਰਬਾਣੀ ਦੀਆਂ ਅਨੇਕਾਂ ਤੁਕਾਂ ਲਿਖੀਆਂ ਹੋਈਆਂ ਹਨ ਕ੍ਰਿਪਾ ਕਰਕੇ ਇਸ ਨੂੰ ਪੂਰਨ ਸਤਿਕਾਰ ਸਹਿਤ ਰੱਖਿਆ ਜਾਵੇ ਅਤੇ ਰੱਦੀ ਵਿਚ ਨਾ ਵੇਚਿਆ ਜਾਵੇ ਜੀ।

### ਚੰਦਾ
**ਭਾਰਤ :** ਸਾਲਾਨਾ 200 ਰੁਪਏ, ਤਿੰਨ ਸਾਲ 500 ਰੁਪਏ, ਪੰਜ ਸਾਲ 800 ਰੁਪਏ, ਉਮਰ ਭਰ ਲਈ 2000 ਰੁਪਏ

**ਵਿਦੇਸ਼ਾਂ ਲਈ :** ਸਾਲਾਨਾ 2000 ਰੁਪਏ, ਉਮਰ ਭਰ ਲਈ 15,000 ਰੁਪਏ

ਚੰਦੇ ਆਪਣੇ ਨੇੜਲੇ ਸਾਡੇ ਪ੍ਰਤੀਨਿੱਧ ਜਾਂ ਸਾਡੇ ਮੁੱਖ ਦਫ਼ਤਰ 'ਚ ਜਮ੍ਹਾਂ ਕਰਵਾਏ ਜਾ ਸਕਦੇ ਹਨ ਜੀ।

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ

ਅੰਕ : ੪    ਸਾਲ : ੩    ਅਪ੍ਰੈਲ ੨੦੧੭

ਚੇਤ-ਵੈਸਾਖ ੫੪੯ ਨਾਨਕਸ਼ਾਹੀ

# ਸੋ ਕਹੀਅਤ ਹੈ ਸੂਰਾ

ਨਿਰੋਲ ਧਾਰਮਿਕ ਮਾਸਿਕ ਪੱਤਰ



'ਸੋ ਕਹੀਅਤ ਹੈ ਸੂਰਾ' ਵਿਚ ਨਿਰੋਲ ਗੁਰਮਤਿ ਵਿਚਾਰਧਾਰਾ ਦੇ ਅਨੁਕੂਲ ਹੀ ਰਚਨਾਵਾਂ ਛਾਪਣ ਦੀ ਪੂਰਨ ਕੋਸ਼ਿਸ਼ ਕੀਤੀ ਜਾਵੇਗੀ ਪਰ ਫ਼ਿਰ ਵੀ ਲਾਜ਼ਮੀ ਨਹੀਂ ਹੈ ਕਿ ਹਰੇਕ ਰਚਨਾ ਨਾਲ 'ਸੰਪਾਦਕੀ ਮੰਡਲ' ਜਾਂ ਜਥੇ ਦੀ ਸਮੂਹਿਕ ਵਿਚਾਰਧਾਰਾ ਇੰਨ-ਬਿੰਨ ਸਹਿਮਤ ਹੋਵੇ।
ਕਿਸੇ ਵੀ ਖੇਤਰ ਵਿਚ ਕਿਸੇ ਵੀ ਵਿਵਾਦ ਦੀ ਸੂਰਤ ਵਿਚ ਨਿਆਂਖੇਤਰ ਸਿਰਫ਼ ਅਜੀਤਗੜ੍ਹ (ਮੁਹਾਲੀ) ਹੋਵੇਗਾ ਅਤੇ ਕਿਸੇ ਵੀ ਇਤਰਾਜ਼ ਨੂੰ ਦੋ ਮਹੀਨੇ ਦੇ ਅੰਦਰ ਪ੍ਰਗਟ ਕਰਨਾ ਜ਼ਰੂਰੀ ਹੋਵੇਗਾ।


### ਲੇਖਕਾਂ ਤੇ ਪਾਠਕਾਂ ਲਈ

* ਅਖੰਡ ਕੀਰਤਨੀ ਜਥੇ ਦੇ ਮਾਸਿਕ ਪੱਤਰ 'ਸੋ ਕਹੀਅਤ ਹੈ ਸੂਰਾ' ਲਈ ਨਿਰੋਲ ਗੁਰਮਤਿ ਆਸ਼ੇ ਦੇ ਅਨੁਕੂਲ, ਰੂਹਾਨੀ/ਅਧਿਆਤਮਕ ਅਤੇ ਗੁਰਸਿੱਖੀ ਸਰੋਕਾਰਾਂ ਨਾਲ ਸਬੰਧਤ ਨਿਰਵਿਵਾਦ ਵਿਸ਼ਿਆਂ 'ਤੇ ਲੇਖਕਾਂ ਨੂੰ ਰਚਨਾਵਾਂ ਭੇਜਣ ਦੀ ਸਨਿਮਰ ਬੇਨਤੀ ਹੈ।
* ਰਚਨਾਵਾਂ ਵਿਚ ਲੇਖ, ਕਵਿਤਾਵਾਂ ਅਤੇ ਹੋਰ ਗੁਰਮਤਿ ਵਿਚਾਰਾਂ ਨਾਲ ਸਬੰਧਿਤ ਸਮੱਗਰੀ ਨੂੰ ਕਾਗਜ਼ 'ਤੇ ਸਾਫ਼-ਸੁਥਰੇ ਅੱਖਰਾਂ ਵਿਚ ਲਿਖ ਕੇ ਜਾਂ ਫ਼ਿਰ ਟਾਈਪ ਕਰਵਾ ਕੇ ਹਰ ਮਹੀਨੇ ਦੀ 10 ਤਰੀਕ ਤੋਂ ਪਹਿਲਾਂ-ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ ਜੀ।
* ਲੇਖ ਸਮੱਗਰੀ ਦੇ ਨਾਲ ਗੁਰਬਾਣੀ ਦੀਆਂ ਤੁਕਾਂ ਅਤੇ ਹਵਾਲੇ ਕ੍ਰਿਪਾ ਕਰਕੇ ਪੂਰਨ ਰੂਪ ਵਿਚ ਸੋਧ ਕੇ ਭੇਜੋ ਜੀ।
* ਅਸੀਂ ਇਸ ਮਾਸਿਕ ਪੱਤਰ ਨੂੰ ਪਾਠਕ ਜਨਾਂ ਲਈ ਹੋਰ ਲਾਭਦਾਇਕ, ਜਾਣਕਾਰੀ ਭਰਪੂਰ ਅਤੇ ਗੁਰਬਾਣੀ ਆਸ਼ੇ ਤੇ ਗੁਰਮਤਿ ਵਿਚਾਰਾਂ ਦਾ ਵਾਹਕ ਬਣਾਉਣ ਲਈ ਅਖੰਡ ਕੀਰਤਨੀ ਜਥੇ ਦੇ ਸੂਝਵਾਨ ਤੇ ਚੇਤੰਨ ਮੈਂਬਰਾਂ ਦੇ ਸੁਝਾਵਾਂ ਦਾ ਹਾਰਦਿਕ ਸਵਾਗਤ ਕਰਾਂਗੇ।

> "ਜਿਨ੍ਹਾਂ ਨੂੰ ਮੌਤ ਦੇ ਬਾਅਦ ਦੇ ਨਜ਼ਾਰੇ ਦੀ ਖ਼ਬਰ ਹੈ, ਉਹ ਤਾਂ ਕੰਬ ਉਠਦੇ ਹਨ, ਕਿ ਹਾਇ ! ਰੂਹਾਂ ਇਉਂ ਪੁਕਾਰ ਰਹੀਆਂ ਹਨ ? ਹਾਂ ਜੀ ! ਜਿਸ ਸਿਖ ਨੂੰ ਰੂਹ ਦੀ ਪਹਿਚਾਣ ਹੈ, ਉਹ ਕਿਸੇ ਰੂਹ ਦੀ ਆਜ਼ਾਦੀ ਵਿਚ ਦਖ਼ਲ ਨਹੀਂ ਦੇਂਦਾ। ਉਹ ਤਾਂ ਪ੍ਰੇਮ ਕਰਨਾ ਅਰ ਸੇਵਾ ਕਰਨੀ, ਇਹੋ ਹੀ ਰਿਸ਼ਤਾ ਆਪਣਾ ਦੂਸਰਿਆਂ ਨਾਲ ਜਾਣਦਾ ਹੈ।
>
> -ਪ੍ਰੋ. ਪੂਰਨ ਸਿੰਘ ਜੀ


ਵੈਸਾਖੀ ਤੇ ਅੰਮ੍ਰਿਤ ਸਮਾਗਮ ਰਚਣ ਦਾ ਚੋਜ — 6
ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਸ੍ਰੀ ਅਕਾਲ ਪੁਰਖ ਕਾ ਖ਼ਾਲਸਾ — 8
ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਦਸਮ ਪਾਤਸ਼ਾਹ ਦੀ ਖੰਡੇ ਦੀ ਫ਼ਿਲਾਸਫ਼ੀ — 9
ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

੧੩ ਸਿੰਘਾਂ ਦੀ ਸ਼ਹੀਦੀ ਦੀ ਕਹਾਣੀ — 11
ਹਰਚਰਨ ਸਿੰਘ

ਸਿੱਖਾਂ ਦੀ ਕੌਮੀ ਤਾਕਤ ਨੂੰ ਖੋਰਾ — 19
ਵੰਗਾਰ ਬਿਊਰੋ

ਖ਼ਾਲਸਾਈ ਬੋਲਿਆਂ ਦਾ ਮਨੋਵਿਗਿਆਨਕ ਮਹੱਤਵ — 21
ਪ੍ਰਿੰਸੀਪਲ ਨਰਿੰਦਰ ਸਿੰਘ ਸੋਚ

ਕੀ ਹੈ ਖੰਡੇ ਬਾਟੇ ਦੇ ਅੰਮ੍ਰਿਤ ਦੀ ਮਰਯਾਦਾ ? — 25

**ਸਲੋਕ ਮ. ੨ ॥**
**ਜੋਸਿਰੁਸਾਂਈਨਾਨਿਵੈਸੋਸਿਰੁਦੀਜੈਡਾਰਿ ॥**
**ਨਾਨਕਜਿਸੁਪਿੰਜਰਮਹਿਬਿਰਹਾਨਹੀਸੋਪਿੰਜਰੁਲੈਜਾਰਿ ॥੧ ॥**
**(ਸਿਰੀਰਾਗ ਕੀ ਵਾਰ ਮਹਲਾ ੪ ਸਲੋਕਾ ਨਾਲਿ, ਅੰਗ : ੮੯)**

## ਅਰਥ ਵਿਚਾਰ

ਜੋ ਸਿਰ ਸਾਂਈਂ ਅਕਾਲ ਪੁਰਖ ਅੱਗੇ ਨਹੀਂ ਨਿਵਦਾ, ਉਸ ਸਿਰ ਨੂੰ ਸੁੱਟ ਦਿਓ। ਗੁਰੂ ਜੀ "ਨਾਨਕ" ਮੋਹਰ ਛਾਪ ਲਾ ਕੇ ਫ਼ਰਮਾਉਂਦੇ ਹਨ ਕਿ ਜਿਸ ਸਰੀਰ ਵਿਚ (ਪ੍ਰਭੂ ਦਾ) ਬਿਰਹੋਂ ਭਾਵ ਪਿਆਰ ਨਹੀਂ ਹੈ, ਉਸ ਸਰੀਰ ਨੂੰ ਸਾੜ (ਜਾਰਿ) ਦਿਓ।

ਦੂਜੀ ਪਾਤਿਸ਼ਾਹੀ ਸ੍ਰੀ ਗੁਰੂ ਅੰਗਦ ਦੇਵ ਜੀ ਇਸ ਸਲੋਕ ਵਿਚ ਫ਼ਰਮਾਉਂਦੇ ਹਨ ਕਿ ਅਜਿਹਾ ਸਿਰ ਜੋ ਅਕਾਲ ਪੁਰਖ ਅੱਗੇ ਝੁਕਦਾ ਨਹੀਂ ਅਤੇ ਜਿਸ ਸਰੀਰ ਵਿਚ ਪ੍ਰੇਮ ਨਹੀਂ ਹੈ, ਉਹ ਸਿਰ ਅਤੇ ਸਰੀਰ ਬੇਕਾਰ ਹੈ। ਗੁਰੂ ਜੀ ਨੇ ਬਹੁਤ ਸਖ਼ਤ ਲਫਜ਼ਾਂ ਵਿਚ ਹੁਕਮ ਕੀਤਾ ਹੈ ਕਿ ਜੋ ਸਿਰ ਸਾਂਈਂ ਅੱਗੇ ਝੁਕਦਾ ਨਹੀਂ ਉਸ ਸਿਰ ਨੂੰ ਪਰ੍ਹਾਂ ਸੁੱਟ ਦਿਓ ਅਤੇ ਉਸ ਸਰੀਰ ਨੂੰ ਸਾੜ ਦਿਓ ਜੋ ਪ੍ਰਭੂ-ਪ੍ਰੇਮਾ-ਭਗਤੀ ਵਿਚ ਲੀਨ ਨਹੀਂ ਹੁੰਦਾ। ਇਸ ਦਾ ਅਰਥ ਇਹ ਹੈ ਕਿ ਗੁਰੂ ਜੀ ਪ੍ਰਭੂ ਨਾਲ ਪ੍ਰੇਮ ਤੋਂ ਸੁੰਨੀ ਜ਼ਿੰਦਗੀ ਨੂੰ ਬਿਲਕੁਲ ਹੀ ਬੇਕਾਰ ਮੰਨਦੇ ਹਨ। ਇਸ ਸਲੋਕ ਦਾ ਇਹ ਅਰਥ ਨਹੀਂ ਹੈ ਕਿ ਗੁਰੂ ਜੀ ਖ਼ੁਦਕੁਸ਼ੀ ਕਰਨ ਦਾ ਹੁਕਮ ਦੇ ਰਹੇ ਹਨ ਬਲਕਿ ਸਾਨੂੰ ਇਹ ਸਮਝਾ ਰਹੇ ਹਨ ਕਿ ਪ੍ਰੇਮ ਤੋਂ ਵਿਹੂਣੀ ਜ਼ਿੰਦਗੀ ਅਸਲ ਵਿਚ ਐਨੀ ਮਾੜੀ ਹੈ ਕਿ ਅਜਿਹੀ ਜ਼ਿੰਦਗੀ ਨਾਲੋਂ ਮੌਤ ਚੰਗੀ ਹੈ।

ਵਿਚਾਰ ਇਹ ਕਰਨੀ ਬਣਦੀ ਹੈ ਕਿ ਸਿਰ ਝਕਾਉਣ ਦਾ ਮਤਲਬ ਕੀ ਹੈ। ਅਜਿਹਾ ਤਾਂ ਕੋਈ ਹੀ ਹੋਵੇਗਾ ਜੋ ਕਹੇਗਾ ਕਿ ਉਹ ਅਕਾਲ ਪੁਰਖ ਅੱਗੇ ਸਿਰ ਨਹੀਂ ਝੁਕਾਏਗਾ। ਹੋਰ ਕੋਈ ਗੁਰੂ-ਨਾਨਕ-ਨਾਮ-ਲੇਵਾ ਸ਼ਖ਼ਸ ਗੁਰਦੁਆਰੇ ਜਾ ਕੇ ਸਿਰ ਝੁਕਾਉਂਦਾ ਹੈ ਪਰ ਇਥੇ ਗੁਰੂ ਜੀ ਕੇਵਲ ਤਨ ਕਰਕੇ ਸਿਰ ਝੁਕਾਉਣ ਦੀ ਗੱਲ ਨਹੀਂ ਕਰ ਰਹੇ। ਸਿਰ ਝੁਕਾਉਣ ਦਾ ਅਸਲ ਵਿਚ ਅਰਥ ਤਾਂ ਆਗਿਆ ਮੰਨਣ ਦਾ ਹੁੰਦਾ ਹੈ। ਆਗਿਆ ਮੰਨਣ ਤੋਂ ਬਿਨਾਂ ਸਿਰ ਝੁਕਾਇਆ ਇਵੇਂ ਹੈ ਜਿਵੇਂ ਕਹਾਵਤ ਹੈ "ਕਿਹਾ ਮੋੜਨਾ ਨਹੀਂ ਤੇ ਡੱਕਾ ਤੋੜਨਾ ਨਹੀਂ" ਭਾਵ ਨਾਂਹ ਵੀ ਨਹੀਂ ਕਰਨੀ ਪਰ ਗੱਲ ਵੀ ਨਹੀਂ ਮੰਨਣੀ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਆਗਿਆ ਕਿਵੇਂ ਮੰਨੀਦੀ ਹੈ। ਇਸ ਬਾਰੇ ਰਹਿਤਨਾਮਿਆਂ ਵਿਚੋਂ ਹੁਕਮ ਇਸ ਪ੍ਰਕਾਰ ਹੈ ਕਿ "ਪ੍ਰਥਮੇ ਰਹਿਤ ਯੇ ਜਾਨ ਕਿ ਖੰਡੇ ਕੀ ਪਾਹੁਲ ਛਕੇ।" ਗੁਰੂ ਜੀ ਨਾਲ ਪਿਆਰ ਦੀ ਪਹਿਲੀ ਨਿਸ਼ਾਨੀ ਇਹ ਹੈ ਕਿ ਗੁਰੂ ਜੀ ਨੂੰ ਆਪਣਾ ਸੀਸ ਭੇਟ ਕਰਕੇ ਉਨ੍ਹਾਂ ਪਾਸੋਂ ਖੰਡੇ-ਬਾਟੇ ਦੀ ਪਾਹੁਲ ਲੈ ਕੇ ਨਾਮ-ਅੰਮ੍ਰਿਤ ਦੀ ਪ੍ਰਾਪਤੀ ਕੀਤੀ ਜਾਵੇ। ਉਸ ਤੋਂ ਬਾਅਦ ਸ੍ਰੀ ਗੁਰੂ ਦਸਮੇਸ਼ ਪਿਤਾ ਜੀ ਦੀ ਦੱਸੀ ਹੋਈ ਸਾਰੀ ਰਹਿਤ ਦ੍ਰਿੜ੍ਹਤਾ ਨਾਲ ਧਾਰਨ ਕਰੇ ਅਤੇ ਸਵਾਸ-ਸਵਾਸ ਨਾਮ ਜਪੇ। ਇਸ ਤਰ੍ਹਾਂ ਤਿਆਰ-ਬਰ-ਤਿਆਰ ਖ਼ਾਲਸਾ ਜਨ ਸਜ ਕੇ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਆ ਕੇ ਸਿਰ ਝੁਕਾਈਦਾ ਹੈ ਤਾਂ ਐਸੀ ਤਸਕੀਨ (ਸੰਤੋਖ਼ਮਈ ਖ਼ੁਸ਼ੀ) ਮਹਿਸੂਸ ਹੁੰਦੀ ਹੈ ਕਿ ਬਿਆਨ ਨਹੀਂ ਕੀਤੀ ਜਾ ਸਕਦੀ। ਦੂਸਰੇ ਪਾਸੇ, ਗੁਰੂ ਜੀ ਦੀ ਆਗਿਆ ਮੰਨਣ ਤੋਂ ਆਕੀ ਹੋ ਕੇ, ਉਨ੍ਹਾਂ ਅੱਗੇ ਮੱਥਾ ਟੇਕਣਾ ਇਕ ਕਿਸਮ ਦਾ ਪਾਖੰਡ ਹੈ ਕਿਉਂਕਿ ਜੇਕਰ ਗੁਰੂ ਜੀ ਦੀ ਆਗਿਆ ਨਹੀਂ ਮੰਨਣੀ ਤਾਂ ਰਸਮੋ-ਰਸਮੀ ਉਨ੍ਹਾਂ ਅੱਗੇ ਮੱਥਾ ਟੇਕਣ ਦਾ ਕੀ ਫ਼ਾਇਦਾ? ਇਸ ਤੋਂ ਇਹ ਭਾਵ ਨਹੀਂ ਲੈਣਾ ਚਾਹੀਦਾ ਕਿ ਗੈਰ-ਅੰਮ੍ਰਿਤਧਾਰੀਆਂ ਨੂੰ ਗੁਰੂ ਜੀ ਅੱਗੇ ਮੱਥਾ ਨਹੀਂ ਟੇਕਣਾ ਚਾਹੀਦਾ ਬਲਕਿ ਕਹਿਣ ਦਾ ਮਤਲਬ ਇਹ ਹੈ ਕਿ ਸਹੀ ਅਰਥਾਂ ਵਿਚ ਮੱਥਾ ਉਦੋਂ ਟੇਕਿਆ ਸਮਝਿਆ ਜਾਣਾ ਚਾਹੀਦਾ ਹੈ ਜਦੋਂ ਗੁਰੂ ਜੀ ਦੇ ਹੁਕਮਾਂ ਦੀ ਤਾਮੀਲ ਕੀਤੀ ਜਾਵੇ।

ਆਮ ਦੁਨਿਆਵੀ ਤੌਰ 'ਤੇ ਜੇਕਰ ਨੌਕਰੀ ਕਰਨ ਵਾਲਾ ਆਪਣੇ ਮਾਲਕ ਦੀ ਇੱਜ਼ਤ ਬਹੁਤ ਕਰੇ ਅਤੇ ਉਸ ਅੱਗੇ ਸਤਿਕਾਰ ਸਹਿਤ ਝੁਕੇ ਵੀ ਪਰ ਉਸ ਦੀ ਆਗਿਆ ਨਾ ਮੰਨੇ ਤਾਂ ਅਜਿਹਾ ਸ਼ਖ਼ਸ ਬਹੁਤੀ ਦੇਰ ਨੌਕਰੀ 'ਤੇ ਨਹੀਂ ਟਿਕਿਆ ਰਹਿ ਸਕਦਾ। ਇਸੇ ਤਰ੍ਹਾਂ ਹੀ ਜੇਕਰ ਕੋਈ ਮਨੁੱਖ ਗੁਰੂ ਜੀ ਅੱਗੇ ਬਾਰੰਬਾਰ ਮੱਥਾ ਟੇਕੇ ਪਰ ਗੁਰੂ ਜੀ ਦੇ ਹੁਕਮ ਨਾ ਮੰਨੇ ਤਾਂ ਉਹ ਗੁਰੂ ਜੀ ਦੀ ਖ਼ੁਸ਼ੀ ਕਿਵੇਂ ਪ੍ਰਾਪਤ ਕਰ ਸਕਦਾ ਹੈ। ਮੱਥੇ ਵੀ ਟੇਕੀ ਜਾਣੇ ਅਤੇ ਸ਼ਰਾਬ ਵੀ ਪੀ ਜਾਣੀ, ਵਿਸ਼ੇ ਵਿਕਾਰਾਂ ਵਿਚ ਵੀ ਫ਼ਸੇ ਰਹਿਣਾ, ਠੱਗੀਆਂ ਵੀ ਕਰੀ ਜਾਣੀਆਂ ਅਤੇ ਫ਼ੇਰ ਆਸ ਰੱਖਣੀ ਕਿ ਗੁਰੂ ਜੀ ਖ਼ੁਸ਼ੀਆਂ ਬਖ਼ਸ਼ਣੀਆਂ, ਇਹ ਇਕ ਮਿੱਥਿਆ ਖ਼ਿਆਲੀ ਹੈ। ਆਪਣਾ ਜੀਵਨ ਖ਼ੁਸ਼ੀਆਂ ਭਰਪੂਰ ਬਣਾਉਣ ਲਈ ਇਹ ਲਾਜ਼ਮੀ ਹੈ ਕਿ ਖੰਡੇ ਦੀ ਪਾਹੁਲ ਛਕ ਕੇ ਤਿਆਰ-ਬਰ-ਤਿਆਰ, ਰਹਿਤਵਾਨ ਖ਼ਾਲਸਾ ਸਜਿਆ ਜਾਵੇ। ਗੁਰੂ ਜੀ ਦੇ ਇਕ-ਇਕ ਹੁਕਮ ਦੀ ਤਾਮੀਲ ਕੀਤੀ ਜਾਵੇ ਅਤੇ ਇਕ-ਇਕ ਹੁਕਮ 'ਤੇ ਜਾਨ ਵਾਰੀ ਜਾਵੇ ਭਾਵ ਸਮੱਗਰ ਹੁਕਮ ਮੰਨਣ ਲਈ ਤਤਪਰ ਹੋਇਆ ਜਾਵੇ। ਇਸ ਬਿਧਿ ਹੀ ਗੁਰੂ ਜੀ ਦੀ ਖ਼ੁਸ਼ੀ ਪ੍ਰਾਪਤ ਕਰਕੇ ਆਪਣਾ ਜੀਵਨ ਸਫ਼ਲਾ ਬਣਾਇਆ ਜਾ ਸਕਦਾ ਹੈ। ਗੁਰੂ ਜੀ ਕਿਰਪਾ ਕਰਨ, ਆਪਾਂ ਗੁਰੂ ਜੀ ਦੇ ਹੁਕਮ ਮੰਨ ਕੇ ਆਪਣਾ ਜੀਵਨ ਸਫ਼ਲ ਕਰੀਏ। ▪▪

## ਅੰਤਰਯਾਮੀ ਸਤਿਗੁਰੂ ਦਸਮੇਸ਼ ਜੀ ਦਾ

# ਵੈਸਾਖੀ ਤੇ ਅੰਮ੍ਰਿਤ ਸਮਾਗਮ ਰਚਣ ਦਾ ਚੋਜ



ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਵਰਨ ਆਸ਼ਰਮ ਸਾਰੇ ਮਿਟਾ ਕੇ, ਸਤਿਗੁਰੂ ਜੀ ਨੇ ਸਾਰੇ ਵਰਨਾਂ ਦੇ ਸਾਂਝੇ ਪੰਜ ਪਿਆਰੇ ਸੀਸ ਭੇਟਾ ਲੈ ਕੇ ਰਚੇ ਤੇ ਉਨ੍ਹਾਂ ਪੰਜਾਂ ਪਿਆਰਿਆਂ ਪਾਸੋਂ ਉਸੇ ਤੰਬੂ ਅੰਦਰ ਹੀ ਅੰਮ੍ਰਿਤ ਪਾਨ ਕੀਤਾ ਅਤੇ "ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ" ਦੀ ਰੀਤ ਚਲਾਈ। ਇਹ ਇਤਫ਼ਾਕ ਦੀ ਗੱਲ ਸੀ ਕਿ ਉਸ ਸਮੇਂ ਪੰਜ ਪਿਆਰੇ ਜੋ ਨਿੱਤਰੇ, ਉਹ ਗਿਣਵੇਂ ਪੰਜ ਵਰਨਾਂ ਵਿਚੋਂ ਹੀ ਸਨ। ਇਸ ਦਾ ਇਹ ਭਾਵ ਨਹੀਂ ਕਿ ਇਸਤ੍ਰੀ ਜਾਤੀ ਆਦਿਕ ਹੋਰ ਸਾਰੇ ਵਰਨ ਵਾਂਝੇ ਰੱਖੇ ਗਏ, ਜੈਸਾ ਕਿ ਝੀਵਰ, ਨਾਈ ਆਦਿਕ ਵਰਨਾਂ ਵਿਚੋਂ ਲਏ ਗਏ। ਕੇਵਲ ਵਿਸਾਖੀ ਵਾਲੇ ਦਿਨ ਹੀ ਇਹ ਚੋਜ ਰਚਿਆ ਗਿਆ ਅਤੇ ਅੰਮ੍ਰਿਤ ਦਾ ਖੁੱਲ੍ਹਾ ਬਾਟਾ ਓਸੇ ਤੰਬੂ ਅੰਦਰ ਹੀ ਤਿਆਰ ਕੀਤਾ ਗਿਆ।

ਇਸੇ ਚੋਜ ਦੇ ਰਚਣ ਖ਼ਾਤਰ ਹੀ ਸਤਿਗੁਰੂ ਦਸਮੇਸ਼ ਜੀ ਨੇ, ਨੈਣਾਂ ਦੇਵੀ ਦਾ ਦੰਭ-ਨਿਵਾਰਨੀ-ਪਖੰਡ ਹਿੰਦਵੈਣੀ ਅਚਾਰਜਾਂ ਦਾ ਨਵਿਰਤ ਕਰਨ ਖ਼ਾਤਰ ਹੀ, ਇਹ ਸਾਰਾ ਅਡੰਬਰ ਨੈਣਾਂ ਦੇਵੀ ਦੇ ਪ੍ਰਸਿਧ ਟਿੱਲੇ ਉਤੇ ਰਚਣ ਕੀਤਾ, ਦੇਵੀ ਪ੍ਰਸਿੱਧ ਕਰਨ ਖ਼ਾਤਰ ਨਹੀਂ ਕੀਤਾ। ਪ੍ਰਿਥਮ ਤਾਂ ਹਿੰਦੂ ਪਖੰਡੀ ਮੱਤ ਦੇ ਅਚਾਰਜਾਂ ਦਾ ਇਹ ਹਮਾਕਤ ਭਰਿਆ ਪਖੰਡ ਦੂਰ ਕੀਤਾ ਅਤੇ ਉਨ੍ਹਾਂ ਪਖੰਡੀਆਂ ਦਾ ਜੋ ਇਹ ਦਾਅਵਾ ਸੀ ਕਿ ਅਸੀਂ ਆਪਣੀ ਜਾਨ ਦੀ ਅਹੂਤੀ ਦੇ ਕੇ ਦੇਵੀ ਪ੍ਰਸਿੱਧ ਕਰਾਂਗੇ, ਬਹੁਤ ਸਾਰੀ ਸਾਮਿਗ੍ਰੀ ਉਨ੍ਹਾਂ ਨੇ ਇਕੱਤਰ ਕਰਵਾਈ। ਓੜਕ ਜਦ ਉਨ੍ਹਾਂ ਤੋਂ ਕੁਛ ਨਾ ਸਰਿਆ ਤਾਂ ਪਿੱਠ ਦੇ ਕੇ ਭੱਜ ਨਸੇ। ਉਨ੍ਹਾਂ ਦੇ ਭਜ ਨੱਸਣ ਪਸਚਾਤ ਰਹਿੰਦ-ਖੂੰਹਦ ਸਾਰੀ ਸਾਮਿਗ੍ਰੀ, ਜੋ ਭੱਜ ਨਿਕਲਣ ਵਾਲੇ ਪਖੰਡੀ ਬ੍ਰਾਹਮਣਾਂ ਨੇ ਇਕੱਤਰ ਕਰਵਾਈ ਸੀ, ਸਾਰੀ ਦੀ ਸਾਰੀ ਇਕ-ਦਮ ਹੀ ਪ੍ਰਚੰਡਕਾ ਦੇ ਭੇਟ ਕਰ ਦਿੱਤੀ, ਜਿਸ ਕਰਕੇ ਬੜਾ ਹੀ ਚਾਨਣਾ ਪ੍ਰਚੰਡ ਹੋ ਗਿਆ, ਜਿਸ ਨੂੰ ਆਮ ਕੁਬੁਧੀ ਵਾਲੇ ਲੋਕ ਦੇਵੀ ਪ੍ਰਗਟ ਹੋਈ ਸਮਝਣ ਲੱਗ ਪਏ। ਸੱਚੇ ਪਾਤਸ਼ਾਹ ਸ੍ਰੀ ਦਸਮੇਸ਼ ਜੀ ਨੇ ਉਸ ਟਿੱਬੇ ਉਤੋਂ ਉਤਰ ਕੇ ਅਤੇ ਵੰਗਾਰ ਕੇ ਆਮ ਲੋਕਾਂ ਨੂੰ ਦੱਸਿਆ ਕਿ ਖ਼ਾਲਸਾ ਜੀ ਦੀ (ਗੁਰੂ ਘਰ ਦੀ) ਇਹੋ ਦੇਵੀ ਸ੍ਰੀ ਸਾਹਿਬ, ਅਥਵਾ ਭਗਉਤੀ ਹੈ, ਹੋਰ ਕੋਈ ਦੇਵੀ ਨਹੀਂ।

ਓਦੂੰ ਪਿਛੋਂ ਸ੍ਰੀ ਦਸਮੇਸ਼ ਜੀ ਨੇ ਦੂਜਾ ਚੋਜ ਇਹ ਰਚਿਆ ਕਿ ਤੰਬੂ ਤਾਣ ਕੇ ਉਸ ਦੇ ਅੰਦਰੋਂ ਅੰਦਰ ਪੰਜਾਂ ਪਿਆਰਿਆਂ ਦਾ ਸੀਸ ਲੈ ਕੇ ਅਤੇ ਉਸ ਤੰਬੂ ਦੇ ਅੰਦਰ ਪੰਜਾਂ ਸਿੰਘਾਂ ਤੋਂ ਖ਼ੁਦ ਅੰਮ੍ਰਿਤ ਛਕ ਕੇ ਸਾਵਧਾਨ ਹੋ ਨਿਕਲੇ। ਇਹ ਇਤਿਹਾਸਕਾਰਾਂ ਦੀ ਬਿਲਕੁਲ ਗ਼ਲਤ ਸਟੋਰੀ (ਕਹਾਣੀ) ਪਾਈ ਹੋਈ ਹੈ ਕਿ ਤੰਬੂ ਦੇ ਅੰਦਰ ਪੰਜ ਬੱਕਰੇ ਬੱਧੇ ਗਏ :-

ਨਾਟਕ ਚੇਟਕ ਕੀਏ ਕੁਕਾਜਾ ॥ ਪ੍ਰਭ ਲੋਗਨ ਕਹ ਆਵਤ ਲਾਜਾ ॥੧੪॥

(ਬਚਿਤ੍ਰ ਨਾਟਕ, ਅਧਿਆਏ ੫)

ਦੇ ਮਹਾਂਵਾਕ ਅਨੁਸਾਰ ਗੁਰਮਤਿ ਅਨੁਸਾਰ ਇਹ ਮਹਾਂ ਕੁਕਾਜ ਗਰਦਾਨਿਆ ਜਾ ਸਕਦਾ ਹੈ ਕਿ ਸਤਿਗੁਰੂ ਸ੍ਰੀ ਦਸਮੇਸ਼ ਜੀ ਕਰਨ ਕੁਛ ਤੇ ਦਿਖਾਉਣ ਕੁਛ। ਆਮ ਲੋਕੀਂ ਇਸ ਕੌਤਕ ਨੂੰ ਦੇਖ ਕੇ ਦੰਗ ਰਹਿ ਗਏ। ਵਰਨ ਆਸ਼ਰਮ ਸਾਰੇ ਮਿਟਾ ਕੇ, ਸਤਿਗੁਰੂ ਜੀ ਨੇ ਸਾਰੇ ਵਰਨਾਂ ਦੇ ਸਾਂਝੇ ਪੰਜ ਪਿਆਰੇ ਸੀਸ ਭੇਟਾ ਲੈ ਕੇ ਰਚੇ ਤੇ ਉਨ੍ਹਾਂ ਪੰਜਾਂ ਪਿਆਰਿਆਂ ਪਾਸੋਂ ਉਸੇ ਤੰਬੂ ਅੰਦਰ ਹੀ ਅੰਮ੍ਰਿਤ ਪਾਨ ਕੀਤਾ ਅਤੇ "ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ" ਦੀ ਰੀਤ ਚਲਾਈ। ਇਹ ਇਤਫ਼ਾਕ ਦੀ ਗੱਲ ਸੀ ਕਿ ਉਸ ਸਮੇਂ ਪੰਜ ਪਿਆਰੇ ਜੋ ਨਿੱਤਰੇ, ਉਹ ਗਿਣਵੇਂ ਪੰਜ ਵਰਨਾਂ ਵਿਚੋਂ ਹੀ ਸਨ। ਇਸ ਦਾ ਇਹ ਭਾਵ ਨਹੀਂ ਕਿ ਇਸਤ੍ਰੀ ਜਾਤੀ ਆਦਿਕ ਹੋਰ ਸਾਰੇ ਵਰਨ ਵਾਂਝੇ ਰੱਖੇ ਗਏ, ਜੈਸਾ ਕਿ ਝੀਵਰ, ਨਾਈ ਆਦਿਕ ਵਰਨਾਂ ਵਿਚੋਂ ਲਏ ਗਏ। ਪੰਜਾਂ ਪਿਆਰਿਆਂ ਦੀ ਮਿਸਾਲ ਲੈ ਕੇ ਅੱਜ-ਕੱਲ੍ਹ ਦੇ ਥੋੜ-ਦਿਲੇ ਵਰਨ-ਆਸ਼ਰਮੀ ਹਮਾਕਤ-ਬਾਜ਼ ਇਹ ਪ੍ਰਗਟ ਕਰਦੇ ਹਨ ਕਿ ਉਨ੍ਹਾਂ ਗੇਣਵੇਂ ਵਰਨ-ਆਸ਼ਰਮ ਹੀ ਪੰਜ ਪ੍ਰਕਾਰੀ ਬੰਦਿਆਂ ਤੋਂ ਬਾਹਰ ਹੋਰ ਕੋਈ ਵਰਨ-ਆਸ਼ਰਮੀ ਬੰਦਾ ਪੰਜਾਂ ਪਿਆਰਿਆਂ ਵਿਚ ਲਿਆ ਹੀ ਨਹੀਂ ਜਾ ਸਕਦਾ।

ਇਸਤ੍ਰੀ ਜਾਤੀ ਨੂੰ ਆਮ ਹਿੰਦਵੈਣੀ ਅਕੀਦੇ ਅਨੁਸਾਰ ਸ਼ੂਦਰ ਜਾਤੀ ਵਿਚ ਸ਼ੁਮਾਰ ਕੀਤਾ ਜਾਂਦਾ ਸੀ, ਜੋ ਅੱਜ-ਕੱਲ੍ਹ ਓਸੇ ਘਟੀਅਲ ਅਕੀਦੇ ਵਾਲੇ ਨਾਈ ਝੀਵਰ ਆਦਿਕ ਪੰਜਾਂ ਪਿਆਰਿਆਂ ਦੀ ਮਿਸਾਲ ਵਾਲੇ ਕੁਸਮਝ ਲੋਗ ਕੁਸਮਝੀ ਬੈਠੇ ਹਨ। ਅਨੇਕਾਂ ਹੀ ਇਸਤ੍ਰੀ ਪੁਰਸ਼ ਆਨ ਵਰਨ-ਆਸ਼ਰਮਾਂ ਵਿਚੋਂ ਸ੍ਰੀ ਦਸਮੇਸ਼ ਜੀ ਨੇ ਸਿੰਘ ਸਜਾਏ। ਏਥੋਂ ਤੱਕ ਕਿ ਮੁਹੰਮਦੀਆਂ ਚੌਥੇ ਪੌੜੇ ਵਾਲੇ (ਅਖਾਉਤੀ ਰੰਘਰੇਟੇ) ਨੂੰ ਵੀ ਖੰਡੇ ਦੇ ਅੰਮ੍ਰਿਤ ਦਾ ਬਾਟਾ ਪ੍ਰਦਾਨ ਕਰਕੇ ਉਚ ਦੁਮਾਲੜੇ ਵਾਲਾ ਸਿੰਘ ਸਜਾਇਆ।

ਸ੍ਰੀ ਦਸਮੇਸ਼ ਜੀ ਦਾ ਇਹ ਚੋਜ ਨਿਰਾਲਾ ਹੈ। ਕੇਵਲ ਵਿਸਾਖੀ ਵਾਲੇ ਦਿਨ ਹੀ ਇਹ ਚੋਜ ਰਚਿਆ ਗਿਆ ਅਤੇ ਅੰਮ੍ਰਿਤ ਦਾ ਖੁੱਲ੍ਹਾ ਬਾਟਾ ਓਸੇ ਤੰਬੂ



ਅੰਦਰ ਹੀ ਤਿਆਰ ਕੀਤਾ ਗਿਆ। ਇਹ ਕੈਸੀ ਹਾਸੋ-ਹੀਣੀ ਗੱਲ ਹੈ ਕਿ ਐਡਾ ਵੱਡਾ ਤੰਬੂ ਪੰਜਾਂ ਬੱਕਰਿਆਂ ਦੀ ਖ਼ਾਤਰ ਹੀ ਤਿਆਰ ਕੀਤਾ ਸੀ ? ਉਸੇ ਤੰਬੂ ਦੇ ਅਸਥਾਨ 'ਤੇ ਹੀ ਸੀਸ ਭੇਟ ਗੁਰਦੁਆਰਾ ਤਿਆਰ ਹੋਇਆ ਅਤੇ ਉਸੇ ਅਸਥਾਨ 'ਤੇ ਹੀ ਸ੍ਰੀ ਕੇਸਗੜ੍ਹ ਗੁਰਦਵਾਰਾ ਸਸ਼ੋਭਤ ਹੈ ਅਤੇ ਅੱਜ ਤਾਈਂ ਪ੍ਰਸਿੱਧ ਹੈ। ਖ਼ਾਲਸਾ ਜੀ ਨੂੰ ਮ੍ਰਿਤੂ ਦੇ ਘਾਟ ਤੋਂ ਪਾਰ ਉਤਾਰਨ ਵਾਲੀ ਸ੍ਰੀ ਸਾਹਿਬ (ਭਗਉਤੀ) ਹੀ ਅੰਮ੍ਰਿਤ ਸਰੂਪਾ ਜੀਅ-ਦਾਨ ਬਖ਼ਸ਼ਣ ਲਈ ਸਮਰੱਥ ਹੈ। ਹੋਰ ਕੋਈ ਦੇਵੀ ਖ਼ਾਲਸਾ ਪੰਥ ਅੰਦਰ ਗੁਰਮਤਿ ਅਨੁਸਾਰ ਪ੍ਰਮਾਣੀਕ ਹੀ ਨਹੀਂ। ਏਸੇ ਸ੍ਰੀ ਸਾਹਿਬ (ਭਗਉਤੀ) ਨੂੰ ਲੈ ਕੇ ਹੀ ਸ੍ਰੀ ਦਸਮੇਸ਼ ਜੀ ਨੇ ਇਉਂ ਵੰਗਾਰਿਆ :-

**ਦੂਹੂੰ ਪੰਥ ਮੈ ਕਪਟ ਵਿਦਜਾ ਚਲਾਨੀ ॥**
**ਬਹੁਰ ਤੀਸਰੋ ਪੰਥ ਕੀਨੋ ਪ੍ਰਧਾਨੀ ॥**
**(ਦਸਮ ਗ੍ਰੰਥ, ਉਗ੍ਰਦੰਤੀ, ਛੱਕਾ ੫)**

'ਦੂਹੂੰ ਪੰਥ' ਦਾ ਭਾਵ ਇਥੇ ਹਿੰਦੂ ਮਤ ਅਤੇ ਤੁਰਕ ਮਤ (ਬੇਦ ਕਤੇਬੀ ਮਤ) ਦਾ ਹੈ, 'ਤੀਸਰੋ ਪੰਥ' ਖ਼ਾਲਸੇ ਦਾ ਮਤਲਬ ਹੈ। ਜੈਸਾ ਕਿ ਇਸ ਗੁਰਵਾਕ ਦਾ ਭਾਵ ਹੈ :-

**ਹਿੰਦੂ ਅੰਨ੍ਹਾ ਤੁਰਕੂ ਕਾਣਾ ॥ ਦੁਹਾਂ ਤੇ ਗਿਆਨੀ ਸਿਆਣਾ ॥...੪ ॥੩ ॥੭ ॥**
**(ਬਿਲਾਵਲ ਗੋਂਡ, ਨਾਮਦੇਉ ਜੀਉ, ਅੰਗ : ੮੭੫)**

ਇਥੇ ਗਿਆਨੀ ਦਾ ਭਾਵ ਖ਼ਾਲਸਾ ਹੈ। ਸ੍ਰੀ ਦਸਮੇਸ਼ ਜੀ ਨੇ ਇਹ ਖ਼ਾਲਸਾ ਪੰਥ ਕੇਵਲ ਹਿੰਦੂਆਂ ਨੂੰ ਹੀ ਤਾਰਨ ਲਈ ਨਹੀਂ ਰਚਿਆ, ਬਲਕਿ ਤੁਰਕਾਂ ਮੁਹੰਮਦੀਆਂ ਦਾ ਇਕ-ਸਾਰ ਹੀ ਹੱਕ ਰਖਿਆ ਗਿਆ ਹੈ। ਤਾਂਤੇ ਇਹ ਗੱਲ ਕਹਿਣੀ ਸ੍ਰੀ ਦਸਮੇਸ਼ ਜੀ ਦੇ ਪੰਥ ਨੂੰ ਛੁਟਿਆਉਣ ਵਾਲੀ ਗੱਲ ਹੈ ਕਿ ਖ਼ਾਲਸਾ ਪੰਥ ਕੇਵਲ ਹਿੰਦੂਆਂ ਨੂੰ ਤਾਰਨ ਖ਼ਾਤਰ ਹੀ ਰਚਿਆ ਗਿਆ ਹੈ। ਹਿੰਦੂਆਂ ਤੁਰਕਾਂ ਅਤੇ ਮਲੇਛਾਂ ਲਈ ਇਹ ਸਾਂਝਾ ਉਪਦੇਸ਼ ਹੀ ਗੁਰੂ ਦਸਮੇਸ਼ ਜੀ ਨੇ ਪਹਿਲੇ ਸਮੱਗਰ ਗੁਰੂ ਸਾਹਿਬਾਨ ਦੀ ਤਾਈਦੀ ਪੇਸ਼ਕਸ਼ ਅਨੁਸਾਰ ਹੀ ਰਚਿਆ ਅਤੇ ਖ਼ੂਬ ਨਿਆਰਾ ਰੱਖਣ ਦੀ ਸਾਜਨਾ ਵਿਚ ਸਾਜਿਆ। ਪਹਿਲੀਆਂ ਸਮੱਗਰ ਗੁਰੂ ਪਾਤਸ਼ਾਹੀਆਂ ਨੂੰ ਵੀ ਇਹੋ ਹੀ ਮਨਜ਼ੂਰ ਸੀ। ਸ੍ਰੀ ਦਸਮੇਸ਼ ਜੀ ਨੇ ਕੋਈ ਨਵੀਨ ਘਾੜਤ ਨਹੀਂ ਘੜੀ। ਹਾਂ ! ਇਸ ਵਿਸਾਖੇ ਦਾ ਪਵਿੱਤਰ ਦਿਹਾੜਾ, ਸਰਬੱਤ੍ਰ ਮੱਤ-ਮਤਾਂਤਰੀ ਭੇਖਾਂ ਅੰਦਰ ਅੰਮ੍ਰਿਤ ਦਾ ਸਾਂਝਾ ਖੰਡਾ ਖੜਕਾਉਣ ਵਾਸਤੇ, ਖ਼ਾਸ ਮਖ਼ਸੂਸ ਤੌਰ 'ਤੇ ਇਸ ਵਿਸਾਖੇ ਦੇ ਗੁਰਪੁਰਬ ਨੂੰ ਹੀ ਨਿਆਰਾ ਕਰਕੇ ਪ੍ਰਗਟ-ਪਹਾਰਾ ਦਿੱਤਾ ਤਾਂ ਸ੍ਰੀ ਦਸਮੇਸ਼ ਜੀ ਨੇ ਹੀ ਦਿੱਤਾ।

ਤਾਂਤੇ ਇਸ ਵਿਸਾਖੇ ਦੇ ਦਿਹਾੜੇ ਦੀ ਬਜ਼ੁਰਗੀ ਅਤੇ ਮਹੱਤਤਾ ਇਸੇ ਗੱਲ ਕਰਕੇ ਹੈ ਕਿ ਇਸ ਦਿਨ ਖੰਡੇ ਦੇ ਅੰਮ੍ਰਿਤ ਦਾ ਖੁੱਲ੍ਹਾ ਬਾਟਾ ਤਿਆਰ ਕੀਤਾ ਜਾਵੇ। ਪਰ ਇਹ ਗੱਲ ਬਿਲਕੁਲ ਗੁਰਮਤਿ ਤੋਂ ਹੀਣੀ ਹੈ ਕਿ ਆਮ ਅਨਮਤਿ ਸ਼੍ਰੇਣੀ ਦੀ ਮਜਲਸ ਵਿਖੇ ਹੀ ਇਹ ਬਾਟਾ ਤਿਆਰ ਕੀਤਾ ਜਾਵੇ। ਤਾਂਤੇ ਇਹ ਅੰਮ੍ਰਿਤ ਦਾ ਬਾਟਾ ਪਰੰਪਰਾ ਤੋਂ ਹੀ, ਅਰਥਾਤ ਸ੍ਰੀ ਦਸਮੇਸ਼ ਜੀ ਦੇ ਸਮੇਂ ਤੋਂ ਹੀ ਗੁਰਮਤਿ ਲੁਪਤ ਮੰਡਲਾਂ ਵਿਚ ਹੀ ਤਿਆਰ ਕੀਤਾ ਜਾਂਦਾ ਹੈ। ਅਨਮਤਿ ਦ੍ਰਿਸ਼ਟੀ ਦੀ ਲੇਪ ਛੇਪ ਤੋਂ ਨਿਆਰਾ ਅਤੇ ਅਛੋਪ ਰੱਖਣ ਲਈ ਹੀ ਅੰਮ੍ਰਿਤ ਮਰਯਾਦਾ ਗੋਝ ਰਤਨਾਗਰੀ ਰੱਖੀ ਗਈ ਹੈ।

"ਬਧੇ ਪੰਥ ਪਰ ਧਰਮ ਨ ਹੋਇ" ਵਾਲੀ ਗੱਲ ਹੀ ਨਹੀਂ ਕੀਤੀ ਗਈ; ਨਾ ਹੀ ਇਹ ਹਰੀ ਅੰਗੂਰੀ ਕੇਵਲ ਹਿੰਦਵੈਣ ਨਮਿਤ ਹੀ ਸ੍ਰੀ ਦਸਮੇਸ਼ ਜੀ ਨੇ ਤਿਆਰ ਕੀਤੀ ਹੈ। ਇਹ ਖ਼ਿਆਲ ਕੇਵਲ ਢਿੱਲੜ ਹਿੰਦਵੈਣ ਮਤੀ ਕੁਬੁਧਿ ਮਤੀਸਰਾਂ ਦਾ ਹੀ ਹੈ। ਖ਼ਾਲਸਾ ਪੰਥ ਵਿਚ ਇੱਤਰ ਜ਼ਾਤ-ਪਾਤ ਸਮੱਗਰ ਪੁਰਸ਼ ਹੀ ਸ਼ਾਮਲ ਹੋ ਸਕਦੇ ਹਨ।

ਸ੍ਰੀ ਦਸਮੇਸ਼ ਜੀ ਦੀ ਹਰ ਪ੍ਰਕਾਰ ਦੀ ਪ੍ਰਚਲਤ ਕੀਤੀ ਗੁਰ ਮਰਯਾਦਾ ਹੀ ਲੇਖੇ ਪੈਂਦੀ ਹੈ। ਇਹ ਗੱਲ ਬਿਲਕੁਲ ਬੇਬੁਨਿਆਦ ਹੈ ਕਿ ਸ੍ਰੀ ਦਸਮੇਸ਼ ਜੀ ਦੇ ਸਮੇਂ ਦਾ ਅੰਮ੍ਰਿਤ ਤਿਆਰ ਕਰਵਾਉਣ ਵਾਲਾ ਖੰਡਾ ਹੀ ਸਾਰੀਆਂ ਸਿੱਧਾਂ ਨੂੰ ਪੂਰਿਆਂ ਸਿੱਧ ਕਰ ਸਕਦਾ ਹੈ। ਇਹ ਸ੍ਰੀ ਦਸਮੇਸ਼ ਜੀ ਦੇ ਪਵਿੱਤਰ ਹੱਥਾਂ ਦਾ ਖੰਡਾ ਅਪਵਿੱਤਰ ਹੱਥਾਂ ਵਿਚ ਆ ਕੇ ਹੋਰ ਵੀ ਹੀਣਤਾ ਵਾਲੀ ਗੱਲ ਹੋ ਜਾਂਦੀ ਹੈ, ਜੈਸਾ ਕਿ ਅਨੇਕਾਂ ਅਸਥਾਨਾਂ 'ਤੇ ਹੋਈ ਹੈ। ਬੇਸ਼ੱਕ ਭਾਵੇਂ ਲੱਖਾਂ ਨਰਾਂ ਪ੍ਰਾਣੀਆਂ ਨੂੰ ਕੇਵਲ ਇਸ ਖੰਡੇ ਦੁਆਰਾ ਅੰਮ੍ਰਿਤ ਛਕਾਇਆ ਜਾਵੇ, ਪਰੰਤੂ ਜਦ ਤੱਕ ਸ੍ਰੀ ਦਸਮੇਸ਼ ਜੀ ਦੀ ਦਰਸਾਈ ਅਤੇ ਦ੍ਰਿੜ੍ਹਾਈ ਰਹਿਤ-ਬਹਿਤ ਧਾਰਨ ਨਾ ਕਰਵਾਈ ਜਾਵੇ, ਉਸ ਵੱਕਤ ਤੱਕ ਲੱਖਾਂ ਦੀਆਂ ਲੱਖਾਂ ਭੇਡਾਂ ਹੀ ਰਹਿ ਜਾਂਦੀਆਂ ਹਨ, ਜੈਸੇ ਕਿ ਲੰਗੋਟੀਆਂ ਵਾਲੇ ਮਾਹਣੂੰ ਹੀ ਰਹਿ ਗਏ ਹੋਏ ਹਨ।

ਤਾਂਤੇ ਸ੍ਰੀ ਦਸਮੇਸ਼ ਜੀ ਦਾ ਕੇਵਲ ਵਿਸਾਖੇ ਦੇ ਸਮਾਗਮ ਸਮੇਂ ਖੰਡੇ-ਧਾਰ ਅੰਮ੍ਰਿਤ ਦਾ ਬਾਟਾ ਤਿਆਰ ਕਰਨਾ ਇਸ ਗੱਲ ਦੀ ਪ੍ਰਸਿੱਧ ਦਲੀਲ ਸਾਬਤ ਹੋ ਗਈ ਕਿ ਖ਼ਾਲਸਾ ਸੋ ਹੈ ਜੋ ਸਰਬੱਤ੍ਰ ਗੁਰਮਤਿ ਗੁਣਾਂ ਸਹਿਤ ਪ੍ਰਬੀਨ ਹੋਵੇ।



# ਸ੍ਰੀ ਅਕਾਲ ਪੁਰਖ ਕਾ ਖਾਲਸਾ

ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਗੁਰੂ ਦਸਮ ਪਾਤਸ਼ਾਹ ਨੇ ਵੈਸਾਖੀ ਵਾਲੇ ਦਿਨ ਖ਼ਾਲਸਾ ਪ੍ਰਗਟ ਕੀਤਾ। ਜਿਸ ਦੇ ਪ੍ਰਗਟ ਕਰਨ ਦਾ ਹੁਕਮ ਅਕਾਲ ਪੁਰਖ ਵਲੋਂ ਹੋਇਆ। ਇਹ ਖ਼ਾਲਸਾ ਅਕਾਲ ਪੁਰਖ ਦੀ ਮਉਜ ਤੋਂ ਪ੍ਰਗਟ ਹੋਇਆ ਅਤੇ ਅਕਾਲ ਪੁਰਖ ਦੀ ਅਕਾਲੀ ਫ਼ੌਜ ਕਹਾਇਆ। ਤਦੇ ਗੁਰੂ ਦਸਮ ਪਾਤਸ਼ਾਹ ਦਾ ਵਾਕ ਹੈ :

**ਖਾਲਸਾ ਅਕਾਲ ਪੁਰਖ ਕੀ ਫੌਜ ॥**
**ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ ॥**

ਐਸੇ ਅਕਾਲ ਪੁਰਖ ਦੇ ਖ਼ਾਲਸੇ ਦਾ ਲੱਛਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਉਂ ਕੀਤਾ ਹੈ :

**ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ ॥੪॥੩॥**
**(ਰਾਗੁ ਸੋਰਠਿ, ਬਾਣੀ ਭਗਤ ਕਬੀਰ ਜੀ ਕੀ, ਅੰਗ: ੬੫੪-੫੫)**

ਇਸ ਭਾਵ ਨੂੰ ਗੁਰੂ ਦਸਮ ਪਾਤਸ਼ਾਹ ਜੀ ਨੇ ੩੩ ਸਵੱਈਆਂ ਵਿਚ ਇਉਂ ਦੱਸਿਆ ਹੈ :

**ਪੂਰਨ ਜੋਤਿ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ ॥**

'ਪ੍ਰੇਮ ਭਗਤਿ ਜਿਹ ਜਾਨੀ' ਵਾਲੀ ਬਿਵਸਥਾ ਵਾਲਾ 'ਪੂਰਨ ਜੋਤਿ ਜਗੈ ਘਟ ਮੈ' ਦੇ ਜਗਮਗੀ ਰੰਗਾਂ ਵਾਲਾ ਹੀ ਖ਼ਾਲਸਾ ਹੈ। ਅੰਮ੍ਰਿਤ ਛਕਨ ਸਮੇਂ ਦੇ ਦ੍ਰਿੜ੍ਹਾਏ ਹੁਕਮਾਂ ਸਬੰਧੀ ਰਹਿਤ-ਰਹਿਣੀਆਂ ਦੇ ਕਮਾਵਣਹਾਰਾ ਹੀ ਖ਼ਾਲਸਾ ਹੈ। ਇਸ ਬਿਬੇਕ-ਕਮਾਈ ਨੂੰ ਪ੍ਰੇਮ ਨੇਮ ਸੰਯੁਕਤ ਨਿਬਾਹ ਕੇ ਨਾਮ ਰੂਪੀ ਸਾਰ-ਬਿਬੇਕ ਕਮਾਈ ਨੂੰ ਪ੍ਰੇਮ-ਭਗਤੀ ਦੇ ਰੰਗਾਂ ਵਿਚ ਸਿਰੇ ਚੜ੍ਹਾਉਣ ਵਾਲਾ ਹੀ ਖ਼ਾਲਸਾ ਹੈ ਅਤੇ ਪੂਰਨ ਗਿਆਨ-ਕਲਾ ਵਿਚ ਖੇਡਣਹਾਰੇ ਖ਼ਾਲਸਾ ਜਨ ਹੀ ਖ਼ਾਲਸਾ ਬਿਬੇਕ ਕਮਾਈ ਦੇ ਧਨੀ ਹਨ।

ਪੂਰਨ ਗਿਆਨ ਅਵਸਥਾ ਵਿਚ ਵੀ ਨਾਮ ਬਿਬੇਕ ਦੀ ਸਹਿਜ ਕਮਾਈ ਬਣੀ ਰਹਿੰਦੀ ਹੈ। ਯਥਾ ਗੁਰਵਾਕ :

**ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ... ॥੧੦॥੬॥੨੩॥**
**(ਸਿਰੀਰਾਗੁ ਮ.੩, ਅੰਗ : ੬੮)**

**ਤਥਾ :**

**ਅਕਥ ਕਥਾ ਅੰਮ੍ਰਿਤ ਪ੍ਰਭ ਬਾਨੀ ॥**
**ਕਹੁ ਨਾਨਕ ਜਪਿ ਜੀਵੇ ਗਿਆਨੀ ॥੨॥੨॥੨੦॥**
**(ਬਿਲਾਵਲੁ ਮ. ੫, ਅੰਗ : ੮੦੬)**

ਨਾਮ-ਬਿਬੇਕ ਕਮਾਈ ਦਾ ਬਿਨਾਸ ਕਿਸੇ ਹਾਲਤ ਅੰਦਰ ਵੀ ਨਹੀਂ ਹੁੰਦਾ। ਇਸ ਰਹਿਤ-ਰਹਿਣੀ ਸੰਯੁਕਤ ਨਾਮ ਸਾਰ ਬਿਬੇਕ ਕਰਨੀ ਕਮਲ ਜਮਾਲ ਕਾ ਕਮਾਲ ਕੇਵਲ ਗੁਰੂ ਘਰ ਵਿਚ ਹੀ ਹੈ। ਬ੍ਰਹਮਾ ਦਾ ਅਵਤਾਰ ਭਿੱਖਾ ਭੱਟ ਜਦੋਂ ਸੱਚੇ ਗੁਰੂ ਸੰਤ ਦੀ ਟੋਲ ਵਿਚ ਫ਼ਿਰਦਾ ਹੋਇਆ ਗੁਰੂ ਕੀ ਸ਼ਰਨ ਆਇਆ ਤਦ ਉਸ ਨੂੰ ਪ੍ਰਤੀਤ ਆਈ। ਜੈਸਾ ਕਿ ਉਸ ਦੀ ਆਪਣੀ ਗੁਰੂ ਗਿਆਨ ਅਨੁਭਵੀ ਬਾਣੀ ਸਾਖਾ ਭਰਦੀ ਹੈ। ਯਥਾ :

**ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥**
**ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥**
**ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥**
**ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥**
**ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ ॥**
**ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ ॥੨॥੨੦॥**
**(ਸਵਈਏ ਮਹਲੇ ਤੀਜੇ ਕੇ, ਅੰਗ : ੧੩੯੫-੯੬)**

ਏਸੇ ਗੁਰਮਤਿ ਬਿਬੇਕ ਦੇ ਆਦਰਸ਼ ਨੂੰ ਮੁੱਖ ਰੱਖਦੇ ਹੋਏ "ਗੁਰਸਿਖ ਮੀਤ ਚਲਹੁ ਗੁਰ ਚਾਲੀ" (ਧਨਾਸਰੀ ਮ. ੪, ॥੪॥੪॥, ਅੰਗ : ੬੬੭) ਵਾਲੀ ਧਾਰਨਾ ਦੇ ਰਹਿਤਵਾਨ ਬਿਬੇਕੀ ਖ਼ਾਲਸਾ ਸ੍ਰੀ ਗੁਰ ਦਰਸਾਈ ਤੇ ਦ੍ਰਿੜ੍ਹਾਈ ਰਹਿਤ ਨੂੰ ਤਨੋਂ-ਮਨੋਂ ਕਮਾਉਂਦੇ ਹਨ। ਐਸੇ ਗੁਰਸਿੱਖਾਂ ਪ੍ਰਥਾਇ ਹੀ ਗੁਰੂ ਦਸਮ ਪਾਤਸ਼ਾਹ ਦਾ ਇਹ ਫ਼ੁਰਮਾਨ ਹੈ : -

**ਰਹਿਣੀ ਰਹੇ ਸੋਈ ਸਿਖ ਮੇਰਾ ॥**
**ਉਹ ਸਾਹਿਬ ਮੈ ਉਸ ਕਾ ਚੇਰਾ ॥**

ਧੰਨ ਗੁਰੂ ਸਾਹਿਬ! ਆਪਣੇ ਆਗਿਆਕਾਰੀ ਰਹਿਤਵਾਨ ਸਿੱਖਾਂ ਨੂੰ ਕਿੱਡੀ ਵਡਿਆਈ ਦਿੰਦੇ ਹਨ। ਏਵਡ ਵਡੀ ਵਡਿਆਈ ਗੁਰੂ ਕੀ ਰਹਿਤ ਨੂੰ ਹੈ, ਤੇ ਇਸ ਰਹਿਤ ਨਾਲ ਸੀਂਗਾਰੇ ਸਿੱਖ ਨੂੰ ਹੈ। ਸੋ ਗੁਰੂ ਹੁਕਮਾਈ ਰਹਿਤ ਪਰ ਚਲਣਾ ਹਰੇਕ ਸਿੰਘ, ਸੁਚਿਆਰ ਸਿੰਘ ਦਾ ਧਰਮ, ਭਾਵ ਫ਼ਰਜ਼ ਹੈ। ਚਾਹੇ ਕਿਤਨੀ ਭੀ ਕਠਨਾਈ ਪੇਸ਼ ਆਵੇ। ਗੁਰੂ-ਹੁਕਮਾਂ ਪਰ ਚਲਣਾ ਤੇ ਗੁਰ-ਬਚਨਾਂ ਨੂੰ ਕਮਾਵਣਾ ਸੱਚਾ ਗੁਰਮਤਿ-ਬਿਬੇਕ ਹੈ। ਰਹਿਤ-ਰਹਿਣੀਓਂ ਊਰਾ ਗਿਆਨ-ਬਿਬੇਕ ਗੁਰਮਤਿ ਅੰਦਰ ਪਰਵਾਨ ਨਹੀਂ। ਨਿਰਾ ਕਥਨੀ ਦੁਆਰਾ ਗਿਆਨ, ਤੇ ਰਹਿਤ ਨਾ ਰਖਣਾ ਇਹ ਮਨਮੁਖਤਾਈ ਦੇ ਲੱਛਣ ਕੁਲਛਣ ਹਨ।

**ਗਿਆਨੁ ਧਿਆਨੁ ਸਭੁ ਗੁਰ ਤੇ ਹੋਈ ॥**
**ਸਾਚੀ ਰਹਤ ਸਾਚਾ ਮਨਿ ਸੋਈ ॥**
**ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ... ॥੩॥ (੮॥੧)**
**(ਬਿਲਾਵਲੁ ਅਸਟਪਦੀਆ, ਮ. ੧, ਅੰਗ: ੮੩੧)**

ਰਹਿਤ-ਰਹਿਣੀ ਦੇ ਕਿਸੇ ਅੰਗ ਨੂੰ ਭੰਗ ਕਰਨਾ ਸਿੱਖੀ ਸਿਦਕ ਦੇ ਰੰਗ ਨੂੰ ਭੰਗ ਕਰਨਾ ਹੈ।

# ਦਸਮ ਪਾਤਸ਼ਾਹ ਦੀ ਖੰਡੇ ਦੀ ਫ਼ਿਲਾਸਫ਼ੀ


ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

**ਉਹ ਕੀ ਤਾਕਤ ਹੈ, ਜਿਸ ਨੇ ਸੀਸ ਦੀਆਂ ਖੋਪਰੀਆਂ ਉਤਾਰਦਿਆਂ ਹੋਇਆਂ ਭੀ ਭਾਈ ਤਾਰੂ ਸਿੰਘ ਜਿਹੇ ਸੂਰਬੀਰ ਸ਼ਾਂਤ ਰਸ ਦੇ ਪੁਤਲਿਆਂ ਨੂੰ ਅਡੋਲ ਰੱਖਿਆ? ਉਹ ਕਿਹੜੀ ਸ਼ਕਤੀ ਹੈ ਕਿ ਜਿਸ ਨੇ ਦੂਲੇ ਭਾਈ ਵੀਰ ਸਿੰਘ ਨੌਰੰਗਾਬਾਦੀਏ ਨੂੰ ਦੜਾ ਦੜ ਪੈਂਦੀਆਂ ਤੋਪਾਂ ਦੇ ਬੁਛਾੜ ਵਿਚ ਪਹਾੜ ਦੀ ਨਿਆਈਂ ਅਚੱਲ ਤੇ ਅਹਿੱਲ ਸਮਾਧੀ ਵਿਚ ਇਸਥਿਤ ਬਠਾਈ ਰੱਖਿਆ? ਉਹ ਕਿਹੜੀ ਅਗੰਮੀ ਕਲਾ ਹੈ ਜਿਸ ਨੇ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰੇ ਜਾਂਦਿਆਂ ਤੇ ਭਾਈ ਦਿਆਲਾ ਜੀ ਨੂੰ ਤਪਦੇ ਕੜਾਹੇ ਵਿਚ ਉਬਲਦਿਆਂ, ਸਮਾਨ ਬਿਰਤ ਤੇ ਕਸ਼ਟ ਮਹਿਸੂਸ ਕਰਨੋਂ ਰਹਿਤ ਰੱਖਿਆ? ਇਹ ਕੇਵਲ ਉਹੋ ਪੱਕ ਚੁੱਕੀ ਪ੍ਰਬਲ ਨਾਮ ਮਹਾਂ ਰਸ ਦੀ ਲਿਵਤਾਰ ਹੈ। ਇਹ ਮਹਾਂ-ਅਨੰਦ-ਰਸੀ ਗੰਭੀਰਤਾ ਦੀ ਆਤਮ ਮੌਜ ਹੈ।**

ਪਰਉਪਕਾਰ ਦਾ ਨਿਰਭੈ ਪਦ, ਨਾਮ ਮਹਾਂ ਰਸ ਦੀ ਕਮਾਈ ਦਾ ਸਿਖਰਲਾ ਡੰਡਾ ਹੈ। ਏਥੇ ਅੱਪੜ ਕੇ ਹੀ ਪੁਰਸ਼ ਪਰਉਪਕਾਰੀ ਹੋ ਸਕਦਾ ਹੈ ਜਿਨ੍ਹਾਂ ਦੀ ਆਤਮ ਬਿਰਤੀ ਭਜਨ ਬਾਣੀ ਦੇ ਪ੍ਰਤਾਪ ਨਾਲ ਦੇਹ-ਅਧਿਆਸ ਤੋਂ ਰਹਿਤ ਹੋ ਚੁੱਕੀ ਹੈ, ਜਿਨ੍ਹਾਂ ਦੇ ਜੀਵਨ ਆਤਮ-ਬਲ ਦੇ ਤਾਣ ਆਪੇ ਤੋਂ ਉਚੇ ਹੋ ਚੁੱਕੇ ਹਨ, ਜੋ ਨਾਮ ਰਸਾਇਣੀ ਨਸ਼ੇ ਨਾਲ ਖੀਵੇ ਹੋ ਕੇ ਦੇਹੋਂ-ਬਦੇਹ ਹੋ ਚੁੱਕੇ ਹਨ, ਜਿਨ੍ਹਾਂ ਦੀ ਅਮਲੀ ਭਗਤੀ ਕਮਾਈ :-

**ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥**
**ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥੨੦੪॥**
**(ਸਲੋਕ ਕਬੀਰ ਜੀ, ਪੰਨਾ ੧੩੭੫)**

ਦੇ ਵਾਕ ਵਾਲੇ ਭਾਵ ਦੇ ਟਿਕਾਣੇ 'ਤੇ ਪਹੁੰਚ ਚੁੱਕੀ ਹੈ, ਜਿਨ੍ਹਾਂ ਦੇ ਰਗੋ-ਰੇਸ਼ੇ ਅੰਦਰ ਚੜ੍ਹਦੀਆਂ ਕਲਾਂ ਵਾਲਾ ਬੀਰ ਰਸ ਹਰ ਦਮ ਠਾਠਾਂ ਮਾਰ ਉਠਦਾ ਹੈ, ਉਹੀ ਪੁਰਸ਼ ਹੀ ਪਰਉਪਕਾਰੀ ਬਣ ਸਕਦੇ ਹਨ। ਪਰ ਪਰਉਪਕਾਰ ਨਮਿੱਤ ਬੀਰ ਰਸ ਦੇ ਅੰਤਰ-ਆਤਮੇ ਹੋਣ ਤੋਂ ਭਾਵ ਇਹ ਹੈ ਕਿ ਸਾਹਮਣੇ ਦੀਨਾਂ ਦੁਖੀਆਂ ਪਰ ਜ਼ਬਰ ਹੋ ਰਿਹਾ ਹੋਵੇ, ਧਰਮ ਦੀ ਹਾਨੀ ਹੁੰਦੀ ਹੋਵੈ, ਅਨਿਆਉਂ ਅੱਤਿਆਚਾਰ ਹੋ ਰਿਹਾ ਹੋਵੇ, ਉਥੇ ਜਿਸ ਦੇ ਅਗੰਮੀ ਵਲਵਲੇ ਉਠਣ, ਪਰ ਵੈਰ ਵਿਰੋਧ ਤੇ ਕਰੋਧ ਅਹੰਕਾਰ ਦੀ ਅੰਸ ਮਾਤ੍ਰ ਭੀ ਇਨ੍ਹਾਂ ਵਲਵਲਿਆਂ ਵਿਚ ਨਾ ਹੋਵੇ ਤੇ ਇਹ ਵਲਵਲੇ ਤਨ, ਮਨ, ਧਨ ਅਤੇ ਸਰਬੰਸ ਵਾਰ ਦੇਣ ਦਾ ਅਮਲੀ ਜਾਮਾ ਪਹਿਨਾਉਣ ਦੀ ਤਾਰ ਬਰਕੀ ਕਲਾ ਵਰਾ ਦੇਣ, ਤਾਂ ਜਾਣੀਐ ਕਿ ਬੀਰ ਰਸ ਦੀ ਤਾਰ ਕਲਾ ਅੰਦਰ ਫਿਰਦੀ ਹੈ ਤਿਉਂ ਤਿਉਂ ਨਾਮ ਦਾ ਖੰਡਾ ਦੂਣ ਸਵਾਇਆ ਖੜਕਦਾ ਹੈ। ਅੰਦਰ ਇਹ ਨਾਮ ਦਾ ਖੰਡਾ ਖੜਕਦਾ ਹੋਵੇ ਅਤੇ ਬਾਹਰ ਨਿਜ ਭੁਜ ਬਲ ਤੌਂ ਦੁਸ਼ਟਾਂ ਸ਼ਤਰੂਆਂ ਨੂੰ ਦਮਨ ਕਰਨਹਾਰਾ ਸਰਬ ਲੋਹ ਦਾ ਖੜਗ ਖੰਡਾ ਖੜਕਦਾ ਹੋਵੇ ਤੇ ਅੰਦਰਲੀ ਤਾਰ ਨਿਮਖ ਮਾਤ੍ਰ ਵੀ ਨਾ ਟੁੱਟੇ, ਇਹ ਬੀਰ ਰਸ ਮਾਤੇ ਪਰਉਪਕਾਰੀ ਜੋਧੇ ਦੇ ਵਾਸਤਵੀ ਲੱਛਣ ਹਨ। ਏਸ ਅਵਸਥਾ ਪ੍ਰਥਾਇ ਸ੍ਰੀ ਦਸਮੇਸ਼ ਜੀ ਦਾ ਇਹ ਮੁਖਵਾਕ ਕਿਹਾ ਸੁੰਦਰ ਫਬਦਾ ਹੈ :-

**ਸਵੈਯਾ- ਧੰਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿੱਤ ਮੈ ਜੁਧੁ ਬਿਚਾਰੈ ॥**
**ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜੈ ਭਵਸਾਗਰ ਤਾਰੈ ॥**
**ਧੀਰਜ ਧਾਮ ਬਨਾਇ ਇਹੈ ਤਨ ਬੁੱਧਿ ਸੁ ਦੀਪਕ ਜਿਉ ਉਜੀਆਰੈ ॥**
**ਗਯਾਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ ॥੨੪੯੨॥**

ਪਰਉਪਕਾਰੀ ਬੀਰ ਨੂੰ ਮਰਨ ਕਾਲ ਦਾ ਤ੍ਰਾਸ ਨਹੀਂ, ਮਰ ਮਿਟਣ ਦੀ ਪਰਵਾਹ ਨਹੀਂ। ਲੱਖ ਖੂਹਣੀਆਂ ਦੇ ਮੁਖਾਲਫ਼ ਲਸ਼ਕਰਾਂ ਦਾ ਭੈ ਨਹੀਂ। ਉਹ ਆਪ ਜੀਵਨ-ਮੁਕਤ ਹੈ ਤੇ ਜਿਨ੍ਹਾਂ ਨੂੰ ਤਲਵਾਰ ਦੇ ਘਾਟ ਪਾਰ ਉਤਾਰਦਾ ਹੈ, ਉਨ੍ਹਾਂ ਨੂੰ ਸ਼ਹੀਦੀ ਸ਼ਰਬਤ ਚਖਾਉਂਦਾ ਹੈ ਅਤੇ ਮੁਕਤ ਕਰਾਉਂਦਾ ਹੈ। ਓੜਕ ਆਪ ਭੀ ਸ਼ਹੀਦੀ ਮਰਤਬਾ ਪਾਉਂਦਾ ਹੈ। ਉਸ ਦੇ ਹੱਥੋਂ ਮਰਦਾ ਮਰਾਉਂਦਾ ਕੋਈ ਨਹੀਂ, ਬਲਕਿ ਹਰ ਕੋਈ ਉਸ ਦੀ ਸ੍ਰੀ ਸਾਹਿਬ ਦੀ ਭੇਟਾ ਹੋ ਕੇ ਅਮਰ ਪਦਵੀ ਪਾਉਂਦਾ ਹੈ। ਇਹੀ ਕਾਰਨ ਸੀ ਕਿ ਦੁਸ਼ਮਣ ਦੇ ਦਲ ਵਿਚੋਂ ਜਿਸ ਕਿਸੇ ਨੂੰ ਭੀ ਸ੍ਰੀ ਦਸਮੇਸ਼ ਜੀ ਦਾ ਤੀਰ ਵਿੰਨ੍ਹਦਾ ਸੀ ਉਸ ਨੂੰ ਸੁਆਦ ਆ ਜਾਂਦਾ ਸੀ, ਪੀੜ ਨਹੀਂ ਸੀ ਪ੍ਰਤੀਤ ਹੁੰਦੀ, ਸਗੋਂ ਵਾਹ-ਵਾਹ ਕਰਦਾ ਹੋਇਆ ਅਮਰ ਅਨੰਦੀ ਹੋ ਜਾਂਦਾ ਸੀ, ਭਾਵੇਂ ਹਿੰਦੂ ਹੋਵੇ ਭਾਵੇਂ ਮੁਸਲਮਾਨ। ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਖੰਡੇ ਦਾ ਸ਼ਹੀਦੀ ਰਸ ਚਖ ਕੇ ਵੈਰ ਵਿਰੋਧ ਦੀ ਅਗਨੀ ਨਾਲ ਸੜੇ ਹੋਏ ਹਿਰਦੇ ਭੀ ਸੀਤਲ ਤੇ ਸ਼ਾਂਤ ਹੋ ਜਾਂਦੇ ਸਨ।

ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਸੀਸ ਧੜ੍ਹ ਤੋਂ ਉਤਰ ਗਿਆ ਹੈ, ਨਾਮ ਦਿਆਂ ਰੰਗਾਂ ਸਹਿਤ ਲਾਲੋ-ਲਾਲ ਹਸਮੁੱਖੀ ਚਿਹਰੇ ਦਾ ਸ਼ਾਂਤਮਈ ਨੂਰ ਜਿਉਂ ਕਾ ਤਿਉਂ ਦਗ-ਦਗ ਕਰਦਾ ਹੈ, ਸੀਸ ਧੜ੍ਹ ਦੀ ਬਾਜ਼ੀ ਵਿਚ ਸੁਰਖ਼ਰੂ ਹੋ ਚੁੱਕੇ ਬਾਬੇ ਦਾ ਸੀਸ ਬਾਬੇ ਦੇ



ਖੱਬੇ ਹੱਥ ਉਪਰ ਬਿਰਾਜ਼ਮਾਨ ਹੁੰਦਾ ਹੋਇਆ ਸ਼ਹੀਦੀ ਪਿੜ ਦੇ ਖਿਡਾਰੀਆਂ ਦੇ ਹੋਲੇ ਦਾ ਨਜ਼ਾਰਾ ਵੇਖ-ਵੇਖ ਵਿਗਸ ਰਿਹਾ ਹੈ, ਅਤੇ ਸੀਸ ਤੋਂ ਸੱਖਣਾ ਧੜ੍ਹ ਦਹਿਣੀ ਭੁਜ ਬਲ ਦੇ ਸਹਾਰੇ ਖੰਡਾ ਉਲਾਰ-ਉਲਾਰ ਕੇ ਸੈਂਕੜਿਆਂ ਨੂੰ ਪਾਰ ਬੁਲਾ ਰਿਹਾ ਹੈ। ਨਹੀਂ, ਨਹੀਂ ਸ਼ਹੀਦੀ ਦਾ ਸ਼ਰਬਤ ਚਖਾ ਰਿਹਾ ਹੈ ਅਤੇ ਦੂਰ ਤੱਕ ਇਹ ਬਹਾਰ ਬੱਝੀ ਤੁਰੀ ਜਾ ਰਹੀ ਹੈ, ਜਿਸ ਦਾ ਸਾਰ ਇਹ ਨਿਕਲਦਾ ਹੈ ਕਿ ਟਿੱਡੀ ਦਲ ਸ਼ੱਤਰੂ ਦੀ ਫ਼ੌਜ ਇਕ ਆਨ ਵਿਚ ਖੈਰੂ-ਖੈਰੂ ਹੋ ਜਾਂਦੀ ਹੈ। ਇਸ ਬ੍ਰਿਤਾਂਤ ਦੀ ਗਵਾਹੀ ਇਤਿਹਾਸ ਦੇ ਰਿਹਾ ਹੈ ਅਤੇ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਨਾਮ ਜੁੱਗਾਂ ਪ੍ਰਯੰਤ ਦੁਨੀਆ ਉਪਰ ਕਾਇਮ ਰਹੇਗਾ। ਇਹ ਗੁਰੂ-ਘਰ ਦੇ ਪਰਉਪਕਾਰ ਦੇ ਪੁਤਲਿਆਂ ਦੀ ਸੂਰਬੀਰਤਾ ਦਾ ਇਕੋ ਵੰਨਗੀ ਪੂਰਵਕ ਉਦਾਹਰਣ, ਬੀਰ ਰਸੀ ਪਰਉਪਕਾਰ ਦੀ ਸ਼ਾਂਤ ਕਲਾ ਵਾਲੀ ਵਿਵਸਥਾ ਬਨਾਵਟ ਲਈ ਕਾਫ਼ੀ ਤੋਂ ਭੀ ਵਧੀਕ ਹੈ।

ਇਹ ਆਦਰਸ਼ ਹੈ ਬੀਰ ਰਸ ਤੇ ਸ਼ਾਂਤ ਰਸ ਸੰਯੁਕਤੀ ਗੁਰਮਤਿ ਉਪਕਾਰ ਦਾ। ਇਸ ਤੋਂ ਸਾਫ਼ ਸਿੱਟਾ ਨਿਕਲਦਾ ਹੈ ਕਿ ਕੇਵਲ ਦੇਹੋਂ ਬਿਦੇਹ ਹੋ ਕੇ ਸੀਸ ਤਲੀ ’ਤੇ ਰੱਖਣ ਵਾਲੇ ਅਤੁੱਟ ਲਿਵਤਾਰ ਦੇ ਧਨੀ ਗੁਰਮੁਖ ਪਿਆਰੇ ਹੀ ਪਰਉਪਕਾਰੀ, ਬੀਰ ਰਸੀਏ, ਬਿਬੇਕੀ ਜਨ ਬਣ ਸਕਦੇ ਹਨ, ਜਿਨ੍ਹਾਂ ਦੀ ਲਿਵ ਐਨੀ ਪੱਕ ਚੁੱਕੀ ਹੋਵੇ ਕਿ ਅਸਹਿ ਕਸ਼ਟਾਂ ਦੇ ਮਿਲਣ ਪਰ ਭੀ ਨਾ ਟੁੱਟੇ ਅਤੇ ਨੂਰੀ ਮੱਥੇ ਦਾ ਖਿੜਾ ਉਤੇ ਅੰਤ੍ਰੀਵ ਸ਼ਾਂਤ ਰਸ ਜਿਉਂ ਕਾ ਤਿਉਂ ਬਣਿਆ ਰਹੇ।

ਉਹ ਕੀ ਤਾਕਤ ਹੈ, ਜਿਸ ਨੇ ਸੀਸ ਦੀਆਂ ਖੋਪਰੀਆਂ ਉਤਾਰਦਿਆਂ ਹੋਇਆਂ ਭੀ ਭਾਈ ਤਾਰੂ ਸਿੰਘ ਜਿਹੇ ਸੂਰਬੀਰ ਸ਼ਾਂਤ ਰਸ ਦੇ ਪੁਤਲਿਆਂ ਨੂੰ ਅਡੋਲ ਰੱਖਿਆ ? ਉਹ ਕਿਹੜੀ ਸ਼ਕਤੀ ਹੈ ਕਿ ਜਿਸ ਨੇ ਦੂਲੇ ਭਾਈ ਵੀਰ ਸਿੰਘ ਨੌਰੰਗਾਬਾਦੀਏ ਨੂੰ ਦੜਾ ਦੜ ਪੈਂਦੀਆਂ ਤੋਪਾਂ ਦੇ ਬੁਛਾੜ ਵਿਚ ਪਹਾੜ ਦੀ ਨਿਆਈਂ ਅਚੱਲ ਤੇ ਅਹਿੱਲ ਸਮਾਧੀ ਵਿਚ ਇਸਥਿਤ ਬਠਾਈ ਰੱਖਿਆ ? ਉਹ ਕਿਹੜੀ ਅਗੰਮੀ ਕਲਾ ਹੈ ਜਿਸ ਨੇ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰੇ ਜਾਂਦਿਆਂ ਤੇ ਭਾਈ ਦਿਆਲਾ ਜੀ ਨੂੰ ਤਪਦੇ ਕੜਾਹੇ ਵਿਚ ਉਬਲਦਿਆਂ, ਸਮਾਨ ਬਿਰਤ ਤੇ ਕਸ਼ਟ ਮਹਿਸੂਸ ਕਰਨੋਂ ਰਹਿਤ ਰੱਖਿਆ ? ਉਹ ਕਿਹੜੀ ਕ੍ਰਿਸ਼ਮੇ ਵਾਲੀ ਕਉਤਕ-ਕਲਾ ਹੈ ਜਿਸ ਨੇ ਕਿ ਅੰਗ ਅੰਗ ਜੁਦਾ ਹੁੰਦਿਆਂ ਭਾਈ ਮਨੀ ਸਿੰਘ ਜੀ ਨੂੰ ਅਤੇ ਚਰਖੜੀ ਉਤੇ ਚੜ੍ਹ ਕੇ ਜਰਖੜੇ ਜਾਂਦੇ ਭਾਈ ਸੁਬੇਗ ਸਿੰਘ ਜੀ ਆਦਿਕ ਨੂੰ ਸੀ ਤੱਕ ਉਚਾਰਨ ਦਾ ਫ਼ੁਰਨਾ ਨਹੀਂ ਫ਼ੁਰਨ ਦਿੱਤਾ ? ਇਹ ਕੇਵਲ ਉਹੋ ਪੱਕ ਚੁੱਕੀ ਪ੍ਰਬਲ ਨਾਮ ਮਹਾਂ ਰਸ ਦੀ ਲਿਵਤਾਰ ਹੈ। ਇਹ ਮਹਾਂ-ਅਨੰਦ-ਰਸੀ ਗੰਭੀਰਤਾ ਦੀ ਆਤਮ ਮੌਜ ਹੈ। ਇਹ ਚੜ੍ਹਦੀਆਂ ਕਲਾਂ ਵਾਲੀ ਸੂਰਬੀਰਤਾ ਦੀ ਬਿਰਤੀ ਹੈ। ਇਹ ਦੁੱਖ ਸੁੱਖ ਸਮ ਕਰ ਜਾਨਣ ਵਾਲੀ ਸੱਚੀ ਸ਼ਾਂਤ-ਸਮਾਈ ਹੈ। ਇਹ ਆਤਮ ਰੰਗਾਂ ਦੀ ਉਚੀ ਵਿਵਸਥਾ ਹੈ। ਇਹ ਸੱਚੀ ਭੈ-ਭਾਵਨੀ ਤੋਂ ਉਪੰਨਾ ਨਿਰਭੈ ਪਦ ਹੈ। ਐਸੀ ਅਤੇ ਐਨ ਇਸ ਪ੍ਰਕਾਰ ਦੀ ਗਤੀ ਪ੍ਰਾਪਤ ਹੋਏ ਬਗੈਰ ਸੱਚਾ ਬੀਰ-ਰਸ ਤੋਂ ਪਰਉਪਕਾਰ ਰਤੰਨਾ ਬੀਰ ਰਸ ਬਣ ਆਉਣਾ ਅਸੰਭਵ ਹੈ। ਏਥੇ ਬੀਰ ਰਸ ਤੇ ਸ਼ਾਂਤ ਰਸ ਅਭੇਦ ਹੈ। ਇਹ ਹੈ ਕਲਗੀਧਰ ਪਾਤਸ਼ਾਹ ਦੀ ਨਾਮ ਖੰਡੇ ਤੇ ਸਰਬ ਲੋਹੀ ਖੰਡੇ ਦੀ ਫ਼ਿਲਾਸਫ਼ੀ, ਜਿਸ ਨੂੰ ਅਹਿੰਸਾਵਾਦੀ ਬੋਧੀ, ਜੈਨੀ ਆਦਿ ਸਮਝਣ ਤੋਂ ਅਸਮਰੱਥ ਹਨ। ▪▪

*ਸੰਨ ੧੯੭੮ ਦੀ ਵਿਸਾਖੀ ਸਿੱਖ ਪੰਥ ਲਈ ਬਿਲਕੁਲ ਉਸੇ ਤਰ੍ਹਾਂ ਦੀ ਕਦੇ ਨਾ-ਭੁੱਲਣਯੋਗ ਖ਼ੂਨੀ ਵਿਸਾਖੀ ਸੀ, ਜਿਸ ਤਰ੍ਹਾਂ ਜੱਲ੍ਹਿਆਂਵਾਲੇ ਬਾਗ਼ ਸਾਕੇ ਵਾਲੀ ੧੯੧੯ ਦੀ ਵਿਸਾਖੀ। ਅੰਮ੍ਰਿਤਸਰ ਵਿਚ, ਗੁਰੂ ਗ੍ਰੰਥ ਤੇ ਗੁਰੂ ਪੰਥ ਦੇ ਦੋਖੀ ਨਕਲੀ ਨਿਰੰਕਾਰੀਆਂ ਦੇ ਸਮਾਗਮ ਵਿਚ ਸਿੱਖ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਨਿਰਾਦਰੀ ਭਰੀ ਅਤੇ ਅਸਹਿਣਯੋਗ ਸ਼ਬਦਾਵਲੀ ਵਰਤਣ 'ਤੇ ਆਪਣਾ ਰੋਸ ਪ੍ਰਗਟ ਕਰਨ ਗਏ, ਅਖੰਡ ਕੀਰਤਨੀ ਜਥੇ ਅਤੇ ਦਮਦਮੀ ਟਕਸਾਲ ਦੇ ੧੩ ਸਿੰਘ, ਸਰਕਾਰੀ ਸ਼ਹਿ ਪ੍ਰਾਪਤ ਦੇਹਧਾਰੀ ਗੁਰੂਡੰਮੀ ਨਕਲੀ ਨਿਰੰਕਾਰੀਆਂ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਕੇ ਸ਼ਹੀਦ ਹੋ ਗਏ। ਇਹ ਸਾਰਾ ਕੁਝ ਕਿਉਂ ਤੇ ਕਿਵੇਂ ਵਾਪਰਿਆ ? ਇਸ ਬਾਰੇ ਸੱਚਾਈ ਦੀ ਤਹਿ ਤੱਕ ਜਾਣਾ, ਨਿਰਪੱਖ ਇਤਿਹਾਸ ਲਿਖਣ ਲਈ ਬੇਹੱਦ ਜ਼ਰੂਰੀ ਹੈ। ਭਾਰਤ ਦੀ ਫ਼ਿਰਕੂ ਤੇ ਸਿੱਖ ਵਿਰੋਧੀ ਪ੍ਰੈੱਸ ਤੇ ਸਿੱਖ ਵਿਰੋਧੀ ਜਥੇਬੰਦੀਆਂ ਨੇ, ਇਸ ਵੱਡੇ ਜ਼ੁਲਮੀ ਸਾਕੇ ਦੇ ਨਿਰਦੋਸ਼ ਸਿੰਘਾਂ ਨੂੰ ਮਜ਼ਲੂਮਾਂ ਦੀ ਥਾਂ ਮੁਲਜ਼ਮ ਕਰਾਰ ਦੇ ਕੇ, ਇਤਿਹਾਸ ਦੇ ਪੰਨਿਆਂ ਨੂੰ ਕਲੰਕਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਸਾਰੇ ਕਾਸੇ ਬਾਰੇ, ਅਸਲ ਸੱਚ ਕੀ ਹੈ, ਇਸ ਦਾ ਪ੍ਰਗਟਾਵਾ ਕੀਤਾ ਹੈ ਉਨ੍ਹਾਂ ਚਸ਼ਮਦੀਦਾਂ ਨੇ, ਜਿਹੜੇ ਸਿੱਧੇ ਆਪ ਖ਼ੁਦ, ਇਸ ਦੁਖਦਾਈ ਘਟਨਾ ਨਾਲ ਸਬੰਧਤ ਰਹੇ। ਉਹ ਸਿੰਘ, ਜਿਹੜੇ ਸ਼ਾਂਤਮਈ ਰੋਸ ਮਾਰਚ ਵਿਚ ਸ਼ਾਮਲ ਸਨ, ਪੁਲਿਸ ਤੇ ਮੌਕੇ ਦੇ ਤਫ਼ਤੀਸ਼ੀ ਅਫ਼ਸਰ, ਉਸ ਸਮੇਂ ਅੰਮ੍ਰਿਤਸਰ ਵਿਚ ਤਾਇਨਾਤ ਅਖ਼ਬਾਰੀ ਨੁਮਾਇੰਦੇ ਇਤਿਆਦਿ। 'ਸ. ਹਰਚਰਨ ਸਿੰਘ' ਹੁਰਾਂ ਨੇ ਉਨ੍ਹਾਂ ਸਾਰਿਆਂ ਦੀ ਜ਼ਾਤੀ ਇੰਟਰਵਿਊ ਲੈਣ ਤੋਂ ਬਾਅਦ, ਇਹ ਲੇਖ ਉਨ੍ਹਾਂ ਦੀਆਂ ਕਥਨੀਆਂ 'ਤੇ ਆਧਾਰਤ ਤਿਆਰ ਕੀਤਾ ਹੈ, ਜੋ 'ਸੋ ਕਹੀਅਤ ਹੈ ਸੂਰਾ' ਦੇ ਪਾਠਕਾਂ ਦੀ ਵਡਮੁੱਲੀ ਜਾਣਕਾਰੀ ਲਈ ਪੇਸ਼ ਹੈ।*

## ਨਕਲੀ ਨਿਰੰਕਾਰੀਆਂ ਵਲੋਂ ੧੩ ਸਿੰਘ ਸ਼ਹੀਦ ਕਰਨ ਦੀ ਕਹਾਣੀ

# ਪ੍ਰਤੱਖ-ਦਰਸ਼ੀਆਂ ਦੀ ਜ਼ੁਬਾਨੀ




ਸਰਦਾਰ ਅਮੋਲਕ ਸਿੰਘ, ਅਖੰਡ ਕੀਰਤਨੀ ਜਥੇ ਵਾਲੇ, ਭਾਰਤੀ ਹਵਾਈ ਫ਼ੌਜ ਵਿਚ ਅਫ਼ਸਰ, ਇਸ ਸ਼ਾਂਤਮਈ ਜਲੂਸ ਵਿਚ ਸ਼ਾਮਲ ਸਨ। ਇਸ ਖ਼ੂਨੀ ਵਾਰਦਾਤ ਸਮੇਂ, ਅਨੂਪ ਸਿੰਘ ਪੁਲਿਸ ਇੰਸਪੈਕਟਰ ਮੌਕੇ 'ਤੇ ਸਨ। ਬਾਕੀ ਪੁਲਿਸ ਅਫ਼ਸਰਾਂ, ਜਿਨ੍ਹਾਂ ਵਿਚ ਇਕਬਾਲ ਸਿੰਘ ਲਾਲਪੁਰਾ ਵੀ ਸਨ, ਨੇ ਰਲ ਕੇ ਇਸ ਕੇਸ ਦਾ ਚਲਾਨ ਬਣਾਇਆ। ਅਨੂਪ ਸਿੰਘ ਨੇ ਕੇਸ ਦੀ ਪੈਰਵੀ ਅਦਾਲਤ ਵਿਚ ਕੀਤੀ ਸੀ। ਹਰਬੀਰ ਸਿੰਘ ਭੰਵਰ ਅਤੇ ਦਲਬੀਰ ਸਿੰਘ ਪੱਤਰਕਾਰ ਉਸ ਵੇਲੇ ਅੰਮ੍ਰਿਤਸਰ ਵਿਚ ਸਨ ਤੇ ਉਨ੍ਹਾਂ ਨੇ ਆਪਣੀ ਰਿਪੋਰਟ ਅਖ਼ਬਾਰ ਨੂੰ ਭੇਜੀ ਸੀ। ਇਨ੍ਹਾਂ ਤੋਂ ਇਲਾਵਾ, ਬੀਬੀ ਅਮਰਜੀਤ ਕੌਰ, ਧਰਮ ਪਤਨੀ ਸ਼ਹੀਦ ਭਾਈ ਫ਼ੌਜਾ ਸਿੰਘ ਜੀ, ਦੀ ਇੰਟਰਵਿਊ ਵੀ ਲੇਖਕ ਨੇ ਕੀਤੀ ਹੈ ਤਾਂ ਜੋ ਅਸਲ ਸੱਚ ਨਿਖਰ ਕੇ ਸਾਹਮਣੇ ਆ ਸਕੇ।

**ਨਕਲੀ ਨਿਰੰਕਾਰੀ ਹਨ ਕੀ ?**

ਇਸ ਸਭ ਤੋਂ ਪਹਿਲਾਂ, ਇਹ ਸਮਝਣਾ ਜ਼ਰੂਰੀ ਹੋਵੇਗਾ ਕਿ ਇਹ ਆਪਣੇ ਆਪ ਬਣੇ ਨਿਰੰਕਾਰੀ ਗੁਰੂ ਹਨ ਕੀ ਤੇ ਇਨ੍ਹਾਂ ਦਾ

ਪਿਛੋਕੜ ਕੀ ਹੈ ? ਗੁਰੂ ਨਾਨਕ ਸਾਹਿਬ ਨੇ ਸਿੱਖ ਮਤ ਦੀ ਸਥਾਪਨਾ ਕੀਤੀ ਤੇ ਸਿਵਾਇ ਅਕਾਲ ਪੁਰਖ ਤੋਂ ਕਿਸੇ ਹੋਰ ਦੇਵੀ-ਦੇਵਤੇ ਅਤੇ ਬੁੱਤ-ਪ੍ਰਸਤੀ ਤੋਂ ਸਿੱਖਾਂ ਨੂੰ ਵਰਜਿਆ। ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਸਾਜ ਕੇ, ਦੇਹਧਾਰੀ ਗੁਰੂ ਪ੍ਰਥਾ ਨੂੰ ਹਮੇਸ਼ਾ ਲਈ ਖ਼ਤਮ ਕਰਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕ ਕੇ 'ਆਗਿਆ ਭਈ ਅਕਾਲ ਕੀ' ਕਹਿ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਆਦਿ-ਜੁਗਾਦਿ ਤੱਕ ਗੁਰੂ ਮੰਨਣ ਦਾ ਹੁਕਮ ਕੀਤਾ। ਕੁਝ ਸਮੇਂ ਉਪਰੰਤ, ਸਿੱਖ ਬ੍ਰਾਹਮਣਵਾਦ ਦੇ ਪ੍ਰਭਾਵ ਨੂੰ ਮੰਨਦੇ ਹੋਏ, ਦੇਵੀ-ਦੇਵਤਿਆਂ ਨੂੰ ਅਤੇ ਬੁੱਤ-ਪ੍ਰਸਤੀ ਵੀ ਮੰਨਣ ਲੱਗ ਪਏ। ਤਕਰੀਬਨ ਇਸੇ ਸਮੇਂ ਬਾਬਾ ਦਿਆਲ, ਜੋ ਮਹਾਰਾਜਾ ਰਣਜੀਤ ਸਿੰਘ ਦੇ ਸਮਕਾਲੀ ਵੀ ਸਨ, ਨੇ ਗੁਰਮਤਿ ਮਰਯਾਦਾ ਅਨੁਸਾਰ, ਆਪਣਾ ਜੀਵਨ ਜੀਊਣ ਦਾ ਨਿਸ਼ਚਾ ਕੀਤਾ। ਉਨ੍ਹਾਂ ਨੇ 'ਨਿਰੰਕਾਰੀ ਦਰਬਾਰ' ਬਣਾਇਆ ਤੇ ਉਪਦੇਸ਼ ਦਿੱਤਾ ਕਿ ਅਕਾਲ ਪੁਰਖ ਨਿਰੰਕਾਰ ਹੈ ਤੇ ਸਿੱਖ ਮੂਰਤੀ ਤੇ ਬੁੱਤ ਪੂਜਾ ਤੋਂ ਗੁਰੇਜ਼ ਕਰਨ। ਬਾਬਾ ਦਿਆਲ ਤੋਂ ਬਾਅਦ, ਬਾਬਾ ਦਰਬਾਰਾ ਸਿੰਘ, ਫਿਰ ਬਾਬਾ ਰੱਤਾ ਸਿੰਘ, ਬਾਬਾ ਗੁਰਦਿੱਤ ਸਿੰਘ ਤੇ ਉਸ ਤੋਂ ਉਪਰੰਤ ਬਾਬਾ ਹਰਾ ਸਿੰਘ (੧੯੪੭ ਤੋਂ ੧੯੭੧ ਈਸਵੀ) ਤੱਕ ਹੋਏ। ਇਹ ਨਿਰੰਕਾਰੀ ਦਰਬਾਰ ਦੇਸ਼ ਦੇ ਬਟਵਾਰੇ ਤੋਂ ਬਾਅਦ ਰਾਵਲਪਿੰਡੀ ਤੋਂ ਚੰਡੀਗੜ੍ਹ ਆ ਗਿਆ ਤੇ ਬਾਬਾ ਗੁਰਬਖ਼ਸ਼ ਸਿੰਘ ਇਸ ਦੇ ਮੁਖੀ ਬਣੇ ਅਤੇ ਇਹ ਅੱਖਾਂ ਦੇ ਮਸ਼ਹੂਰ ਡਾਕਟਰ (ਮਰਹੂਮ) ਮਾਨ ਸਿੰਘ ਨਿਰੰਕਾਰੀ, ਦੇ ਵੱਡੇ ਭਰਾ ਸਨ।

ਬਾਬਾ ਗੁਰਦਿੱਤ ਸਿੰਘ, ਜਦੋਂ ਨਿਰੰਕਾਰੀ ਦਰਬਾਰ ਦੇ ਮੁਖੀ ਸਨ ਤਾਂ ਇਸ ਦਰਬਾਰ ਦਾ ਇਕ ਮੁਲਾਜ਼ਮ ਬੂਟਾ ਸਿੰਘ, ਜੋ ਕੀਰਤਨੀਆ ਸੀ, ਨਸ਼ਿਆਂ ਵਿਚ ਗਲਤਾਨ ਹੁੰਦਾ, ਹੋਰ ਵੀ ਕਈ ਐਬਾਂ ਵਿਚ ਗ੍ਰਸਤ ਹੋ ਗਿਆ। ਜਦੋਂ ਉਹ ਸਮਝਾਉਣ 'ਤੇ ਵੀ ਨਾ ਸੁਧਰਿਆ ਤਾਂ ਉਸ ਨੂੰ ਨਿਰੰਕਾਰੀ ਦਰਬਾਰ ਦੀ ਨੌਕਰੀ ਤੋਂ ਕੱਢ ਦਿੱਤਾ ਗਿਆ। ਉਹ ਬੂਟਾ ਸਿੰਘ, ਰਾਵਲਪਿੰਡੀ ਛੱਡ ਕੇ ਪਿਸ਼ਾਵਰ ਆ ਪਹੁੰਚਿਆ ਤੇ ਉਥੇ ਉਹ ਅਵਤਾਰ ਸਿੰਘ, ਇਕ ਬੇਕਰੀ ਵਾਲੇ ਨਾਲ ਆ ਮਿਲਿਆ। ਉਨ੍ਹਾਂ ਦੋਹਾਂ ਨੇ ਰਲ ਕੇ, ਆਪਣਾ 'ਨਿਰੰਕਾਰੀ ਮੰਡਲ' ਬਣਾ ਕੇ ਆਪਣੀ ਡਫ਼ਲੀ ਵਜਾਉਣੀ ਸ਼ੁਰੂ ਕਰ ਦਿੱਤੀ। ਬੂਟਾ ਸਿੰਘ, ਸੰਨ ੧੯੪੩ ਵਿਚ ਗੁਜ਼ਰ ਗਿਆ ਤੇ ਅਵਤਾਰ ਸਿੰਘ, ਆਪ ਗੁਰੂ ਬਣ ਬੈਠਾ। ਦੇਸ਼ ਦੇ ਬਟਵਾਰੇ ਤੋਂ ਬਾਅਦ, ਇਸ ਨੇ ਦਿੱਲੀ ਵਿਚ ਨਿਰੰਕਾਰੀ ਮੰਡਲ ਦਾ ਦਫ਼ਤਰ ਬਣਾ ਲਿਆ। ਇਹ ਸਾਰੀ ਗੱਲ ਲੇਖਕ ਨੂੰ ਡਾਕਟਰ ਮਾਨ ਸਿੰਘ ਨਿਰੰਕਾਰੀ ਨੇ ਆਪ ਦੱਸੀ ਸੀ। ਦੇਸ਼ ਦੀਆਂ ਸਰਕਾਰਾਂ ਤੇ ਆਰੀਆ ਸਮਾਜ ਨੇ ਇਸ ਮੰਡਲ ਦੀ ਪਿੱਠ ਪੂਰਨੀ ਸ਼ੁਰੂ ਕਰ ਦਿੱਤੀ, ਕਿਉਂਕਿ ਇਹ ਸਿੱਖ ਆਦਰਸ਼ ਦੇ ਉਲਟ ਚਲਦੇ ਸਨ। ਗੁਰਬਚਨ ਸਿੰਘ, ਜੋ ਅਵਤਾਰ ਸਿੰਘ ਦਾ ਪੁੱਤਰ ਸੀ, ਪਿਤਾ ਦੀ ਮੌਤ ਤੋਂ ਬਾਅਦ ਆਪ ਗੁਰੂ ਬਣ ਬੈਠਾ ਤੇ ਆਪਣੀ ਪੂਜਾ ਕਰਵਾਉਣ ਲੱਗ ਪਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਆਪਣੀ ਕੁਰਸੀ-ਆਸਣ ਲਾ ਕੇ, ਗੁਰਬਾਣੀ ਦੇ ਅਰਥਾਂ ਨੂੰ ਤੋੜ-ਮਰੋੜ ਕੇ ਲੋਕਾਂ ਵਿਚ ਪੇਸ਼ ਕਰਨਾ ਸ਼ੁਰੂ ਕਰ ਦਿੱਤਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਪਾਵਨ ਸ਼ਬਦ ਤੁਕਾਂ ਨੂੰ ਲੈ ਕੇ ਆਪਣੀ 'ਅਵਤਾਰ ਬਾਣੀ' ਦਾ ਨਾਂਅ ਦੇ ਕੇ ਆਪਣੀ ਹੀ ਪੁਸਤਕ ਬਣਾ ਲਈ। ਆਪਣੇ ਝੂਠੇ ਪ੍ਰਵਚਨਾਂ ਵਿਚ, ਗੁਰੂ ਸਾਹਿਬਾਨ ਪ੍ਰਤੀ ਗ਼ਲਤ ਸ਼ਬਦਾਵਲੀ ਵਰਤਣ ਲੱਗ ਪਿਆ। ਇਸ ਬਾਰੇ ਸਿੱਖ ਸੰਗਤ ਵਲੋਂ ਵਿਰੋਧ ਹੋਇਆ ਪਰ ਉਨ੍ਹਾਂ ਕਿਸੇ ਗੱਲੋਂ ਇਸ ਗੱਲ ਦੀ ਪ੍ਰਵਾਹ ਨਾ ਮੰਨੀ। ਕਈਆਂ ਥਾਵਾਂ 'ਤੇ ਦਮਦਮੀ ਟਕਸਾਲ, ਜਥਾ ਭਿੰਡਰਾਂ ਮਹਿਤਾ ਦੇ ਮੁਖੀ ਸੰਤ ਗਿਆਨੀ ਕਰਤਾਰ ਸਿੰਘ ਜੀ ਭਿੰਡਰਾਂਵਾਲਿਆਂ ਦੀ ਸਰਪ੍ਰਸਤੀ ਹੇਠਾਂ, ਅੰਮ੍ਰਿਤਸਰ ਤੇ ਗੁਰਦਾਸਪੁਰ ਵਿਚ ਨਕਲੀ ਨਿਰੰਕਾਰੀਆਂ ਦੇ ਛੋਟੇ ਇਕੱਠਾਂ ਦੌਰਾਨ, ਕਈ ਝੜਪਾਂ ਵੀ ਹੋਈਆਂ। ਸਿੱਖਾਂ ਨੂੰ ਨਕਲੀ ਨਿਰੰਕਾਰੀਆਂ ਦੇ ਇਸ ਕੂੜ ਪ੍ਰਚਾਰ ਤੇ ਕਥਨੀ ਬਾਰੇ, ਬਹੁਤ ਇਤਰਾਜ਼ ਸੀ।

ਸੰਨ ੧੯੭੮ ਦੀ ਵਿਸਾਖੀ ਵਾਲੇ ਦਿਨ ਇਹ ਘਟਨਾ ਕਿਵੇਂ ਹੋਈ ? ਇਸ ਤੋਂ ਪਹਿਲਾਂ ਨਕਲੀ ਨਿਰੰਕਾਰੀਆਂ ਬਾਰੇ ਸਿੱਖਾਂ ਦੀ ਕੀ ਭਾਵਨਾ ਸੀ ? ਇਸ ਬਾਰੇ ਅਨੂਪ ਸਿੰਘ ਪੁਲਿਸ ਇੰਸਪੈਕਟਰ, ਜਿਹੜੇ ੧੩ ਅਪ੍ਰੈਲ ੧੯੭੮ ਵਾਲੇ ਇਸ ਖ਼ੂਨੀ ਸਾਕੇ ਸਮੇਂ ਹਾਜ਼ਰ ਸਨ, ਕੀ ਕਹਿੰਦੇ ਹਨ ? ਜੋ ਕੁਝ ਉਨ੍ਹਾਂ ਨੇ ਆਪਣੀ ਇੰਟਰਵਿਊ ਵਿਚ ਰਿਕਾਰਡ ਕਰਵਾਇਆ, ਪਾਠਕਾਂ ਸਾਹਮਣੇ ਹਾਜ਼ਰ ਹੈ :

ਸਰਦਾਰ ਅਨੂਪ ਸਿੰਘ ਦੱਸਦੇ ਹਨ, "ਸੰਤ ਕਰਤਾਰ ਸਿੰਘ ਜੀ ਭਿੰਡਰਾਂਵਾਲੇ ਇਕ ਧਾਰਮਿਕ ਇਨਸਾਨ ਸਨ। ਇਸ ਜਥੇ ਵਾਲਿਆਂ ਨੂੰ ਇਤਰਾਜ਼ ਸੀ ਕਿ ਨਕਲੀ ਨਿਰੰਕਾਰੀ ਆਪ ਉੱਚੀ ਥਾਂ 'ਤੇ ਬੈਠਦੇ ਹਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨੀਵੀਂ ਥਾਂ 'ਤੇ ਕਰਦੇ ਹਨ। ਇਹ ਨਕਲੀ ਨਿਰੰਕਾਰੀ, ਬਾਣੀ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੋਲਦੇ ਹਨ ਪਰ ਜਿਥੇ ਗੁਰੂ ਦਾ ਸ਼ਬਦ ਆਉਂਦਾ ਹੈ, ਉਥੇ ਇਹ ਕਿਹਾ ਜਾਂਦਾ ਹੈ ਕਿ 'ਨਿਰੰਕਾਰੀ ਬਾਬਾ ਜੀ ਦਾ ਬਚਨ ਹੈ।' ...ਝਗੜੇ ਦਾ ਮੁੱਢ, ਇੱਥੋਂ ਸ਼ੁਰੂ ਹੋਇਆ ਕਿ ਦੀਨਾਨਗਰ (ਗੁਰਦਾਸਪੁਰ) ਕੋਲ, ਇਕ ਭੱਠੇ ਵਾਲੇ, ਜੋ ਨਕਲੀ ਨਿਰੰਕਾਰੀਆਂ ਨਾਲ ਸਬੰਧਤ ਸੀ, ਨੇ ਨਕਲੀ ਨਿਰੰਕਾਰੀ ਇਕੱਠ ਬੁਲਾਇਆ ਸੀ। ਜਦੋਂ ਉਹ ਚੌਂਕ ਮਹਿਤਾ ਕੋਲੋਂ ਲੰਘਣ ਲੱਗੇ ਤਾਂ ਜਥਾ ਭਿੰਡਰਾਂ ਮਹਿਤਾ ਵਾਲਿਆਂ ਦੇ ਸਿੰਘਾਂ ਨੇ ਕਿਰਪਾਨਾਂ ਕੱਢ ਲਈਆਂ। ਇਕ ਹੋਰ ਪਿੰਡ ਨਿੱਕੇ ਘੁੰਮਣ ਵਿਚ ਵੀ, ਇਸੇ ਤਰ੍ਹਾਂ ਹੀ ਹੋਇਆ। ਇੱਥੇ ਜਥੇ ਵਾਲਿਆਂ ਨੇ ਨਕਲੀ ਨਿਰੰਕਾਰੀਆਂ ਨੂੰ ਭਜਾ ਦਿੱਤਾ। ਉਨ੍ਹੀਂ ਦਿਨੀਂ, ਗੁਰਦਾਸਪੁਰ ਦਾ ਡਿਪਟੀ ਕਮਿਸ਼ਨਰ ਨਿਰੰਜਨ ਸਿੰਘ ਸੀ, ਜੋ ਨਿਰੰਕਾਰੀਆਂ ਪ੍ਰਤੀ ਹਮਦਰਦੀ ਰੱਖਦਾ ਸੀ। ਉਸ ਨੂੰ ਬੜਾ ਮਹਿਸੂਸ ਹੋਇਆ, ਕਿਉਂਕਿ ਉਹ ਗੁਰਬਚਨ ਸਿੰਘ ਨਕਲੀ ਨਿਰੰਕਾਰੀ ਮੁਖੀ ਦੇ ਨੇੜੇ ਸੀ। ਉਸ ਨੇ ਕਿਹਾ, "ਹੁਣ ਨਿਰੰਕਾਰੀ ਬਾਬਿਆਂ ਨੂੰ ਬੁਲਾਓ, ਮੈਂ ਵੇਖਦਾ ਹਾਂ ਕਿ ਕਿਹੜਾ ਉਨ੍ਹਾਂ ਨੂੰ ਰੋਕਦਾ ਹੈ।"

"...ਗੁਰਬਚਨ ਸਿੰਘ ਤਾਂ ਬਹੁਤਾ ਹੁਸ਼ਿਆਰ ਨਹੀਂ ਸੀ। ਨਿਰੰਜਨ ਸਿੰਘ ਡੀ.ਸੀ., ਪ੍ਰਤਾਪ ਸਿੰਘ ਤੇ ਇਕ ਹੋਰ, ਇਨ੍ਹਾਂ ਨੇ ਹੀ ਇਸ ਸਾਰੇ ਸਮਾਗਮ ਦਾ ਪ੍ਰੋਗਰਾਮ ਰਚਿਆ ਸੀ। ਇਨ੍ਹਾਂ ਸਾਰਿਆਂ ਨੇ ਬਾਬੇ ਨੂੰ ਕਿਹਾ ਕਿ "ਤੁਸੀਂ ਆਪਣੇ ਲਾਇਸੰਸ ਵਾਲੇ ਹਥਿਆਰ ਨਾਲ ਲੈ ਕੇ ਅੰਮ੍ਰਿਤਸਰ ਸਮਾਗਮ ਵਿਚ ਆਉਣਾ ਹੈ।"

ਇਸ ਪਿਛੋਕੜ ਵਾਰਤਾ ਨੂੰ ਇੱਥੇ ਰੱਖਦੇ ਹੋਏ, ਹੁਣ ਵੇਖੀਏ ਕਿ ਸ. ਅਮੋਲਕ ਸਿੰਘ, ਜੋ ਇਸ ਰੋਸ ਮਾਰਚ ਵਿਚ ਸ਼ਾਮਲ ਸਨ, ਉਨ੍ਹਾਂ ਦਾ ਕੀ ਕਹਿਣਾ ਹੈ ?

**ਸਵਾਲ : (ਸ. ਅਮਲੋਕ ਸਿੰਘ-ਨੂੰ, ਜਿਹੜੇ ਇਸ ਰੋਸ ਮਾਰਚ ਵਿਚ ਨਾਲ ਸਨ) ਤੁਸੀ ਤਾਂ ਭਾਰਤੀ ਹਵਾਈ ਫ਼ੌਜ ਵਿਚ ਸੀ। ਤੁਸੀਂ ਅਖੰਡ ਕੀਰਤਨੀ ਜਥੇ ਵਿਚ ਕਦੋਂ ਸ਼ਮੂਲੀਅਤ ਕੀਤੀ ਤੇ ਵਿਸਾਖੀ ਵਾਲੇ ਦਿਨ ਤੁਸੀ ਅੰਮ੍ਰਿਤਸਰ ਕਿਵੇਂ ਸੀ ?**

**ਜਵਾਬ** : ਮੈਂ ਅਖੰਡ ਕੀਰਤਨੀ ਜਥੇ ਵਿਚ ਸੰਨ ੧੯੭੨ ਦੌਰਾਨ ਸ਼ਾਮਲ ਹੋਇਆ ਸੀ ਤੇ ਇਸੇ ਜਥੇ ਦੇ ਸਮਾਗਮ ਦੇ ਸਿਲਸਿਲੇ ਵਿਚ, ਵਿਸਾਖੀ ਵਾਲੇ ਦਿਨ, ਅਜੀਤ ਨਗਰ ਅੰਮ੍ਰਿਤਸਰ ਵਿਚ ਕੀਰਤਨ ਦਾ ਅਨੰਦ ਲੈ ਰਹੇ ਸਾਂ ਕਿ ਸੰਤ ਜਰਨੈਲ ਸਿੰਘ ਜੀ ਦਾ ਸੁਨੇਹਾ ਆਇਆ।

**ਸਵਾਲ : ਸੰਤ ਜਰਨੈਲ ਸਿੰਘ ਹੁਰਾਂ ਦਾ ਕੀ ਸੁਨੇਹਾ ਸੀ ?**

**ਜਵਾਬ** : ਉਨ੍ਹਾਂ ਦਾ ਸੁਨੇਹਾ ਸੀ ਕਿ ਨਕਲੀ ਨਿਰੰਕਾਰੀਆਂ ਨੇ, ਸ੍ਰੀ ਗੁਰੂ ਰਾਮਦਾਸ ਜੀ ਦੀ ਨਗਰੀ ਵਿਚ ਆ ਕੇ, ਗੁਰੂ ਸਾਹਿਬਾਨ ਪ੍ਰਤੀ ਮੰਦੀ ਸ਼ਬਦਾਵਲੀ ਵਰਤੀ ਹੈ। ਇਨ੍ਹਾਂ ਨੇ ਜਲੂਸ ਵੀ ਕੱਢਿਆ ਹੈ, ਗੇਟ ਬਣਵਾਏ ਹਨ ਤੇ ਪੁਲਿਸ ਪ੍ਰੋਟੈਕਸ਼ਨ ਵੀ ਇਨ੍ਹਾਂ ਨੂੰ ਹੈ। ਇਨ੍ਹਾਂ ਨੂੰ ਬਾਦਲ ਦੀ ਸਰਕਾਰ ਤੇ ਅਕਾਲੀਆਂ ਨੇ ਵੀ ਨਹੀਂ ਰੋਕਿਆ। ਇਨ੍ਹਾਂ ਨਕਲੀ ਨਿਰੰਕਾਰੀਆਂ ਨੂੰ ਸ਼ਾਂਤਮਈ ਢੰਗ ਨਾਲ ਰੋਕਣਾ ਚਾਹੀਦਾ ਹੈ।

**ਸਵਾਲ : ਫਿਰ ਕੀ ਹੋਇਆ, ਇਹ ਸੁਨੇਹਾ ਮਿਲਣ ਉਪਰੰਤ ?**

**ਜਵਾਬ** : ਅਸੀਂ ਗੁਰੂ ਰਾਮਦਾਸ ਸਰਾਂ ਵਿਚ ਗਏ- ਸਰਾਂ ਦੇ ਵੱਡੇ ਹਾਲ ਵਿਚ, ਜਿਥੇ ਟਕਸਾਲ ਦੇ ਜਥੇ ਵਾਲੇ ਸਿੰਘ ਵੀ ਸਨ, ਅਸੀਂ ਸਾਰੇ ਬੈਠ ਗਏ ਤੇ ਸ਼ਬਦ ਪੜ੍ਹਨ ਲੱਗੇ। ਇੱਥੋਂ ਪਾਸੇ ਹੋ ਕੇ, ਇਕ ਮੀਟਿੰਗ ਹੋਈ, ਜਿਸ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਭਾਈ ਫ਼ੌਜਾ ਸਿੰਘ, ਭਾਈ ਅਵਤਾਰ ਸਿੰਘ ਖੁੱਡਾ ਕੁਰਾਲਾ ਵਾਲੇ ਤੇ ਚਾਰ-ਪੰਜ ਹੋਰ ਸਿੰਘ ਸਨ। ਫਿਰ ਹਾਲ ਵਿਚ ਆ ਕੇ ਸੰਤ ਜਰਨੈਲ ਸਿੰਘ ਹੁਰਾਂ ਨੇ ਇਸ ਇਕੱਠ ਨੂੰ ਸੰਬੋਧਨ ਕੀਤਾ ਤੇ ਕਿਹਾ ਕਿ ਨਕਲੀ ਨਿਰੰਕਾਰੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਤੋੜਦੇ-ਮਰੋੜਦੇ ਹਨ। ਸਿੱਖ ਗੁਰੂ ਸਾਹਿਬਾਨ ਪ੍ਰਤੀ ਮੰਦੀ ਬੋਲੀ ਦੀ ਵਰਤੋਂ ਕਰਦੇ ਹਨ ਤੇ ਉਨ੍ਹਾਂ ਦੇ ਸਮਾਗਮ ਵਿਚ ਆਪਣਾ ਸ਼ਾਂਤਮਈ ਰੋਸ ਪ੍ਰਗਟ ਕਰਨ ਲਈ ਕੁਝ ਸਿੰਘ ਉਥੇ ਜਾਣ। ਪੰਜ ਜਥੇ ਬਣਾਏ ਗਏ, ਕੁਝ ਅਖੰਡ ਕੀਰਤਨੀ ਜਥੇ ਦੇ ਸਿੰਘ ਤੇ ਕੁਝ ਦਮਦਮੀ ਟਕਸਾਲ ਦੇ ਸਿੰਘ ਸਨ। ਇਨ੍ਹਾਂ ਸਾਰਿਆਂ ਦੇ ਮੁੱਖ ਜਥੇਦਾਰ ਭਾਈ ਫ਼ੌਜਾ ਸਿੰਘ ਨੂੰ ਅਗਵਾਈ ਕਰਨ ਲਈ ਕਿਹਾ ਗਿਆ। ਅਖੰਡ ਕੀਰਤਨੀ ਜਥੇ ਦੇ ਕੋਈ ੫੦ ਸਿੰਘ ਸਨ ਤੇ ਬਾਕੀ ਦਮਦਮੀ ਟਕਸਾਲ ਦੇ ਨੌਜਵਾਨ ਸਨ। ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਕਿਹਾ ਕਿ ਇਹ ਸਿੱਖ ਕੌਮ ਨੂੰ ਚੁਣੌਤੀ ਹੈ। ਅਸੀਂ ਗੁਰੂ ਦੇ ਬੱਚੇ ਹਾਂ ਤੇ ਪਿਤਾ ਦੀ ਸ਼ਾਨ ਵਾਸਤੇ ਜਾਣਾ ਹੈ, ਹਮਲਾ ਕਰਨ ਦੇ ਹਿਸਾਬ ਨਾਲ ਨਹੀਂ ਜਾਣਾ ਤੇ (ਜੇ ਇਹ ਵਿਚਾਰ ਹੁੰਦਾ ਤਾਂ ਜਾਨੀ ਨੁਕਸਾਨ ਕਿਤੇ ਜ਼ਿਆਦਾ ਹੋਣਾ ਸੀ) ਬਾਣੀ ਸਿਮਰਨ ਕਰਦਿਆਂ ਜਾਣਾ ਹੈ।

**ਸਵਾਲ : ਫਿਰ ਕੀ ਹੋਇਆ ਜੀ ?**

**ਜਵਾਬ** : ਪਹਿਲੇ ਜਥੇ ਤੋਂ ਬਾਅਦ ਕੁਝ ਮਿੰਟਾਂ ਮਗਰੋਂ ਦੂਜਾ ਜਥਾ ਤੇ ਮੈਂ ਤੀਜੇ ਜਥੇ ਵਿਚ ਸੀ।

**ਸਵਾਲ : ਕੁੱਲ ਫ਼ਾਸਲਾ ਗੁਰੂ ਰਾਮਦਾਸ ਸਰਾਂ ਤੋਂ ਕਿੰਨਾ ਕੁ ਸੀ ?**

**ਜਵਾਬ** : ਬਾਜ਼ਾਰ ਮਾਈ ਸੇਵਾਂ ਲੰਘ ਕੇ, ਗੁਰੂ ਬਾਜ਼ਾਰ, ਲੋਹਗੜ੍ਹ ਪਹੁੰਚ ਕੇ ਨਾਲ ਮਹਾਰਾਜਾ ਰਣਜੀਤ ਸਿੰਘ ਕਿਲ੍ਹੇ ਦੀ ਚਾਰਦੀਵਾਰੀ 'ਤੇ ਹੁੰਦੇ, ਰੇਲਵੇ ਦੇ ਮੈਦਾਨ 'ਤੇ ਨਕਲੀ ਨਿਰੰਕਾਰੀਆਂ ਦਾ ਸਮਾਗਮ ਸੀ। ਅਸੀਂ ਕੋਈ ੨੫੦ ਸਿੰਘ ਸੀ।

**ਸਵਾਲ : ਜਦੋਂ ਤੁਸੀਂ ਸਿਮਰਨ ਕਰਦੇ ਹੋਏ ਨਕਲੀ ਨਿਰੰਕਾਰੀਆਂ ਦੀ ਸਮਾਗਮ ਵਾਲੀ ਜਗ੍ਹਾ ਦੇ ਲਾਗੇ ਪਹੁੰਚੇ ਤਾਂ ਫਿਰ ਕੀ ਹੋਇਆ ?**

**ਜਵਾਬ** : ਮਿਲਟਰੀ ਗੇਟ ਲੰਘਦੇ ਹੀ, ਪੁਲਿਸ ਇੰਸਪੈਕਟਰ ਅਨੂਪ ਸਿੰਘ ਦੀ ਜੀਪ ਆ ਗਈ ਤੇ ਉਨ੍ਹਾਂ ਨੇ ਬਾਹਰ ਆ ਕੇ ਸਾਨੂੰ ਰੁਕ ਜਾਣ ਲਈ ਕਿਹਾ। ਇਹ ਥਾਂ, ਰੇਲਵੇ ਮੈਦਾਨ ਤੋਂ ਕੋਈ ਤਕਰੀਬਨ ੩੦੦ ਗ਼ਜ਼ ਦੀ ਦੂਰੀ 'ਤੇ ਸੀ। ਅਸੀਂ ਰੁਕ ਗਏ ਤੇ ਅਨੂਪ ਸਿੰਘ ਨੇ ਅਗਾਂਹ ਨਹੀਂ ਜਾਣ ਦਿੱਤਾ। ਅਸੀਂ ਕਿਹਾ ਕਿ ਸਾਡਾ ਪ੍ਰੋਟੈਸਟ ਹੈ- ਸਾਨੂੰ ਜਾਣ ਦਿਓ ਜਾਂ ਉਨ੍ਹਾਂ ਨੂੰ ਬੰਦ ਕਰਾਓ। ਉਨ੍ਹਾਂ ਕਿਹਾ ਕਿ ਮੈਂ ਬੰਦ ਕਰਵਾਉਂਦਾ ਹਾਂ।

ਇੱਥੇ, ਸ. ਅਨੂਪ ਸਿੰਘ ਪੁਲਿਸ ਇੰਸਪੈਕਟਰ ਨਾਲ ਹੋਈ ਇੰਟਰਵਿਊ ਦੇ ਅੰਸ਼, ਲੜੀ ਨੂੰ ਜਾਰੀ ਰੱਖਣੇ ਠੀਕ ਹੋਣਗੇ।

**ਸਵਾਲ : ਸ. ਅਨੂਪ ਸਿੰਘ ਜੀ, ਤੁਸੀਂ ਉਸ ਇਲਾਕੇ ਦੇ ਪੁਲਿਸ ਵਲੋਂ ਇੰਚਾਰਜ ਸੀ, ਇਸ ਸਾਰੇ ਕਾਸੇ ਨੂੰ ਵਿਸਥਾਰ ਨਾਲ ਦੱਸੋ ?**

**ਜਵਾਬ** : ਨਕਲੀ ਨਿਰੰਕਾਰੀਆਂ ਨੇ ਸਮਾਗਮ ਦੀ ਇਜਾਜ਼ਤ ਲਈ ਹੋਈ ਸੀ ਤੇ ਝਗੜੇ ਦਾ ਤਾਂ ਕੋਈ ਖ਼ਿਆਲ ਵੀ ਨਹੀਂ ਸੀ। ਮੇਰੀ ਡਿਊਟੀ ਮਾਲ ਮੰਡੀ ਲੱਗੀ ਹੋਈ ਸੀ। ਸ. ਰਣਧੀਰ ਸਿੰਘ ਗਿੱਲ ਦੀ ਜਲੂਸ 'ਤੇ ਡਿਊਟੀ ਸੀ ਤੇ ਸਮਾਗਮ ਵਾਲੀ ਜਗ੍ਹਾ 'ਤੇ ਸੀ, ਜਿਥੇ ਇਹ ਵਾਕਿਆ ਹੋਇਆ। ਇਥੇ ਨਕਲੀ ਨਿਰੰਕਾਰੀਆਂ ਦਾ ਪੰਡਾਲ ਲੱਗਾ ਹੋਇਆ ਸੀ। ਇਕ ਗੁਰਦਿਆਲ ਸਿੰਘ ਇੰਸਪੈਕਟਰ ਮੇਰੇ ਕੋਲ ਭੱਜਾ ਆਇਆ ਤੇ ਮੈਨੂੰ ਕਹਿੰਦਾ ਕਿ ੧੦੦-੧੫੦ ਨਿਹੰਗ ਜਲੂਸ ਰੋਕਣ ਗਏ ਹਨ। ਮੈਂ ਕਿਹਾ, ਜਲੂਸ ਤਾਂ ਖ਼ਤਮ ਹੋ ਚੁੱਕਾ ਹੈ। ਸਰਕਾਰ ਨਾਲ ਹਮਦਰਦੀ ਹੋਣ ਕਰਕੇ ਥੋੜ੍ਹਾ ਜਿਹਾ ਝੂਠ ਬੋਲਿਆ ਸੀ ਕਿਉਂਕਿ ਪ੍ਰਕਾਸ਼ ਸਿੰਘ ਬਾਦਲ ਨਾਲ ਮੇਰੀ ਨੇੜਤਾ ਸੀ। ਗੁਰਦਿਆਲ ਸਿੰਘ ਰੰਧਾਵਾ, ਅੰਮ੍ਰਿਤਸਰ ਦਾ ਰਹਿਣ ਵਾਲਾ ਸੀ। ਐੱਸ.ਐੱਚ.ਓ. ਸੀ। ਮੈਂ ਉਸ ਨੂੰ ਫ਼ੋਨ ਕੀਤਾ। ਮੈਂ ਪੰਜ-ਸੱਤ ਮਿੰਟ ਇੰਤਜ਼ਾਰ ਕੀਤਾ। ਫਿਰ ਮੈਂ ਚੱਲ ਪਿਆ ਇਹ ਸੋਚ ਕੇ ਕਿ ਮੈਂ ਰੋਕਦਾ ਹਾਂ। ਮੈਂ ਹਾਥੀ ਗੇਟ ਵਾਲੇ ਪਾਸਿਓਂ ਲੰਘਦਾ ਅੱਗੇ ਗਿਆ ਤੇ ਉਨ੍ਹਾਂ ਸਿੰਘਾਂ ਨੂੰ ਵੇਖ ਲਿਆ। ਉਨ੍ਹਾਂ ਦੇ ਹੱਥਾਂ ਵਿਚ ਸੋਟੀਆਂ, ਡਾਂਗਾਂ ਤੇ ਕਈਆਂ ਕੋਲ ਕਿਰਪਾਨਾਂ ਸਨ। ਮੈਨੂੰ ਪਤਾ ਲੱਗਾ ਕਿ ਰਾਹ 'ਚ ਮੰਜੀਆਂ ਵਾਲੀਆਂ ਦੁਕਾਨਾਂ ਸਨ ਤੇ ਉਨ੍ਹਾਂ ਨੇ ਉਥੋਂ ਬਾਹੀਆਂ ਲੈ ਲਈਆਂ ਸਨ ਤੇ ਪੈਰੋਂ ਨੰਗੇ ਸਨ। ਦੋ ਜਾਂ ਤਿੰਨਾਂ ਕੋਲ ਬਰਛੇ ਸਨ। ਮੈਨੂੰ ਪਤਾ ਸੀ ਕਿ ਇਹ ਮੇਰੇ ਇਕੱਲੇ ਦੀ ਕੋਈ ਗੱਲ ਨਹੀਂ ਸੁਣਨਗੇ। ਮੈਂ ਜੀਪ ਅੱਗੇ ਰੋਕ ਲਈ ਤੇ ਸੋਚਿਆ ਕਿ ਬਾਅਦ ਵਿਚ ਇਕੱਠੇ ਹੋ ਕੇ ਗੱਲ ਕਰਦੇ ਹਾਂ। ਮੈਂ ਕਿਹਾ ਕਿ ਮੇਰੀ ਬੇਨਤੀ ਸੁਣੋ ਤੇ ਪੁੱਛਿਆ ਕਿ ਕਿੱਥੇ ਚੱਲੇ ਹੋ ? ਉਹ ਕਹਿਣ ਲੱਗੇ ਕਿ ਅਸੀਂ ਜਲੂਸ ਰੋਕਣਾ ਹੈ। ਮੈਂ ਕਿਹਾ ਕਿ ਜਲੂਸ ਤਾਂ ਖ਼ਤਮ ਹੋ ਚੁੱਕਾ ਹੈ।

ਉਹ ਕਹਿੰਦੇ ਕਿ ਨਕਲੀ ਨਿਰੰਕਾਰੀ ਸਾਡੇ ਗੁਰੂ ਸਾਹਿਬਾਨ ਨੂੰ ਬੁਰਾ-ਭਲਾ ਕਹਿੰਦੇ ਹਨ। ਉਹ ਕਹਿਣ ਲੱਗੇ ਕਿ ਅਸੀਂ ਇਨ੍ਹਾਂ ਨੂੰ ਭਜਾਉਣਾ ਹੈ। ਮੈਂ ਕਿਹਾ ਕਿ ਤੁਸੀਂ ਕਿਉਂ ਭਜਾਉਂਦੇ ਹੋ, ਮੈਂ ਹੀ ਭਜਾ ਦਿਆਂਗਾ। ਮੈਂ ਕਿਹਾ ਕਿ ਤੁਸੀਂ ਇਸ ਤੋਂ ਅੱਗੇ ਨਹੀਂ ਆਉਣਾ। ਮੈਂ ਪੈਰ ਨਾਲ ਹੀ ਐਵੇਂ ਲਕੀਰ ਵਾਹ ਦਿੱਤੀ ਤੇ ਸਾਰੇ ਉਸ ਤੋਂ ਪਿੱਛੇ ਹੀ ਖੜ੍ਹੇ ਰਹੇ। ਮੈਂ ਕਿਹਾ ਕਿ ਮੈਂ ਵੀ ਉਸੇ ਗੁਰੂ ਦਾ ਸਿੱਖ ਹਾਂ, ਜਿਸ ਦੇ ਤੁਸੀਂ ਹੋ ਤੇ ਮੇਰੇ 'ਤੇ ਯਕੀਨ ਕਰੋ। ਉਹ ਮੰਨ ਗਏ।

ਮੈਂ ਗਿਆ ਤਾਂ ਸੋਬਤੀ ਖੜ੍ਹਾ ਸੀ। ੪੦੦-੫੦੦ ਬੰਦੇ ਨਕਲੀ ਨਿਰੰਕਾਰੀ ਸਨ ਤੇ ਉਹ ਗੇਟ ਅੱਗੇ ਖਲੋਤੇ ਸਨ। ਮੈਂ ਕਿਹਾ ਕਿ ਤੁਹਾਡੇ ਕੋਲ ਡਾਂਗਾਂ ਨੇ ਤੇ ਬਾਹਰ ਸਿੱਖਾਂ ਕੋਲ ਬਰਛੇ ਹਨ, ਤੁਸੀਂ ਕੋਈ ਮੁਕਾਬਲਾ ਕਰਨਾ ਹੈ ? ਮੈਂ ਕਿਹਾ ਕਿ ਮੈਂ ਟੈਲੀਫ਼ੋਨ ਕਰਨਾ ਹੈ। ਸਿੱਖ ਉਸ ਲਕੀਰ ਦੇ ਪਿਛਲੇ ਪਾਸੇ ਹੀ ਖੜ੍ਹੇ ਰਹੇ ਤੇ ਕੋਈ ਨਾ ਹਿੱਲਿਆ। ਸਿੱਖਾਂ ਦਾ ਮਤਲਬ ਸੀ ਕਿ ਸਮਾਗਮ ਹੋਵੇ ਹੀ ਨਾ ਤੇ ਉਹ ਇੱਥੋਂ ਚਲੇ ਜਾਣ। ਇਕ ਵਜੇ ਦਾ ਟਾਈਮ ਬਾਬਿਆਂ ਨੇ ਦਿੱਤਾ ਸੀ ਕਿ ਉਹ ਆਉਣਗੇ ਤੇ ਸਮਾਗਮ ਰਾਤ ਤੱਕ ਚੱਲਣਾ ਸੀ। ਇਹ ਕੋਈ ਟਾਈਮ ੧੨.੨੦ ਮਿੰਟ ਦਾ ਸੀ।

ਇਕ ਜਗ੍ਹਾ 'ਤੇ ਟੈਲੀਫ਼ੋਨ ਸੀ। ਉਪਰ ਸ਼ਾਮਿਆਨਾ ਲੱਗਾ ਸੀ। ਮੈਂ ਵੇਖਿਆ ਕਿ ਇਕ ਗੁੱਠ 'ਤੇ ਕੁਝ ਬੰਦੂਕਾਂ ਬਾਰਾਂ ਬੋਰ ਦੀਆਂ ਪਈਆਂ ਸਨ। ਇਹ ੧੬-੧੭ ਸਨ। ਮੈਂ ਹੈੱਡ ਕਲਰਕ ਨੂੰ ਫ਼ੋਨ ਕੀਤਾ ਤੇ ਕਿਹਾ ਕਿ ਤੂੰ ਅੰਦਰ ਜਾ, ਐਸ.ਪੀ. ਸਾਹਿਬ ਨੂੰ ਕਹਿ

ਕਿ ਇੱਥੇ ਨਿਹੰਗਾਂ ਤੇ ਨਿਰੰਕਾਰੀਆਂ ਦਾ ਝਗੜਾ ਹੋ ਸਕਦਾ ਹੈ ਤੇ ਇੱਥੇ ਬੰਦੇ ਕਤਲ ਹੋ ਜਾਣਗੇ। ਮੇਰੇ ਕੋਲ ਫ਼ੋਰਸ ਹੈ ਨਹੀਂ ਤੇ ਫ਼ੋਰਸ ਲੈ ਕੇ ਆ ਜਾਣ। ਹੈੱਡ ਕਲਰਕ ਕਹਿਣ ਲੱਗਾ ਕਿ ਤੁਸੀਂ ਆਪ ਗੱਲ ਕਰ ਲਓ। ਮੈਂ ਕਿਹਾ ਕਿ ਮੈਨੂੰ ਨੰਬਰ ਨਹੀਂ ਮਿਲਦਾ, ਇਸ ਕਰਕੇ ਤੈਨੂੰ ਕਿਹਾ ਹੈ। ਮੈਂ ਟੈਲੀਫ਼ੋਨ ਕਰਕੇ ਫਿਰ ਉਥੇ ਚਲਾ ਗਿਆ ਤੇ ਨਿਹੰਗ ਉਥੇ ਹੀ ਖੜ੍ਹੇ ਸਨ। ਮੈਂ ਨਿਰੰਕਾਰੀਆਂ ਨੂੰ ਪੁੱਛਿਆ ਕਿ ਤੁਹਾਡਾ ਕੀ ਪ੍ਰੋਗਰਾਮ ਹੈ? ਉਨ੍ਹਾਂ ਕਿਹਾ ਕਿ ਬਾਬਾ ਜੀ ਆਉਣਗੇ ਤੇ ਸਾਡਾ ਪ੍ਰੋਗਰਾਮ ੨ ਵਜੇ ਸ਼ੁਰੂ ਹੋਵੇਗਾ।

ਮੈਂ ਸਿੰਘਾਂ ਕੋਲ ਆਇਆ ਤੇ ਐਵੇਂ ਝੂਠ ਬੋਲਿਆ ਕਿ ਮੈਂ ਉਨ੍ਹਾਂ ਦਾ ਪ੍ਰੋਗਰਾਮ ਬੰਦ ਕਰ ਆਇਆ ਹਾਂ। ਉਹ ਕਹਿਣ ਲੱਗੇ ਕਿ ਲਾਊਡ ਸਪੀਕਰ 'ਤੇ ਆਵਾਜ਼ ਤਾਂ ਆਉਂਦੀ ਹੈ। ਮੈਂ ਕਿਹਾ ਕਿ ਸਮਾਗਮ ਬੰਦ ਹੈ, ਇਹ ਤਾਂ ਵਾਲੰਟੀਅਰ ਬੋਲ ਰਹੇ ਹਨ, ਜਿਵੇਂ ਕਿਸੇ ਦਾ ਬੱਚਾ ਗੁਆਚ ਗਿਆ ਹੈ, ਇਹੋ ਜਿਹੀਆਂ ਅਨਾਊਂਸਮੈਂਟਾਂ ਹਨ। ਮੈਂ ਕਿਹਾ ਸੀ ਕਿ ਅਸੀਂ ਬੰਦ ਕਰਵਾ ਦਿੱਤਾ ਹੈ, ਬਸ ਮੈਂ ਏਨਾ ਕੁ ਝੂਠ ਹੀ ਬੋਲਿਆ। ਮੈਂ ਕਿਹਾ ਕਿ ਜੇ ਤੁਹਾਨੂੰ ਇਤਬਾਰ ਨਹੀਂ ਹੈ ਤਾਂ ਇਕ ਬੰਦਾ ਮੇਰੇ ਨਾਲ ਚੱਲੋ ਤੇ ਜਾ ਕੇ ਵੇਖ ਲੈਂਦੇ ਹਾਂ। ਉਹ ਇਸ ਗੱਲ ਨੂੰ ਮੰਨ ਗਏ ਤੇ ਕਹਿਣ ਲੱਗੇ ਕਿ ਸਾਡੇ ਪੰਜ ਸਿੰਘ ਜਾਣਗੇ। ਮੈਂ ਕਿਹਾ ਕਿ ਕਮਾਲ ਹੈ, ਅੱਖਾਂ ਇਕ ਸਿੰਘ ਦੀਆਂ ਵੀ ਉਹੀ ਹਨ ਤੇ ਪੰਜਾਂ ਦੀਆਂ ਵੀ ਉਹੀ ਹਨ। ਇਹ ਕੀ ਕਰਦੇ ਹੋ? ਇਕ ਬੰਦਾ ਉਨ੍ਹਾਂ ਨੇ ਤਿਆਰ ਕਰ ਲਿਆ। ਉਹ ਥੋੜ੍ਹਾ ਮਧਰੇ ਕੱਦ ਦਾ ਸੀ ਤੇ ਨਿਹੰਗਾਂ ਵਾਲਾ ਚੋਲਾ ਪਾਇਆ ਹੋਇਆ ਸੀ।

ਇਕ ਗੱਲ ਹੋਰ ਦੱਸਾਂ, ਇਸ ਤੋਂ ਪਹਿਲਾਂ ਮੰਜੀ ਸਾਹਿਬ ਦੀਵਾਨ ਹੋ ਰਿਹਾ ਸੀ, ਜਿੱਥੇ ਸੰਤ ਭਿੰਡਰਾਂਵਾਲੇ ਤੇ ਜੀਵਨ ਸਿੰਘ ਉਮਰਾਨੰਗਲ ਸ਼ਾਇਦ ਐਮ.ਐੱਲ.ਏ. ਤੇ ਵਜ਼ੀਰ ਸਨ, ਉਹ ਵੀ ਸਟੇਜ 'ਤੇ ਸਨ। ਭਿੰਡਰਾਂਵਾਲੇ ਤਿੱਖੀ ਬੋਲੀ ਬੋਲਦੇ ਸਨ। ਮੈਂ ਹੈਰਾਨ ਸੀ ਕਿ ਉਹ ਉਮਰਾਨੰਗਲ ਨੂੰ ਕਹਿ ਰਹੇ ਸਨ, "ਤੂੰ ਸਰਕਾਰ ਦਾ ਮੰਤਰੀ ਹੈਂ, ਕਿਸੇ ਐੱਸ.ਐੱਸ.ਪੀ. ਨੂੰ ਫ਼ੋਨ ਕਰ ਦੇ ਤਾਂ ਕਿ ਕੋਈ ਕਿਸੇ ਕਿਸਮ ਦਾ ਫ਼ਸਾਦ ਨਾ ਹੋਵੇ।" ਆਪਸ ਵਿਚ ਸਟੇਜ 'ਤੇ ਬਹਿਸ ਚਲਦੀ ਰਹੀ। ਉਥੋਂ ਹੀ ਪੈਰੋਂ ਨੰਗੇ ਲੋਕ ਚੱਲ ਕੇ ਗਏ।

ਚਲੋ, ਮੈਂ ਕਿਹਾ, ਜਿਹੜਾ ਬੰਦਾ ਨਿਹੰਗ ਬਾਣੇ ਵਿਚ ਸੀ, ਕਿ ਇਹ ਬਰਛਾ ਕਿਰਪਾਨ ਕਾਹਦੇ ਵਾਸਤੇ ਹੈ? ਮੈਂ ਕਿਹਾ ਕਿ ਖ਼ਾਲੀ ਹੱਥ ਬੜੇ ਸੋਹਣੇ ਨੇ ਤੇ ਬਰਛੇ ਦਾ ਮਕਸਦ ਕੀ ਹੈ? ਸਾਨੂੰ ਬਾਅਦ 'ਚ ਪਤਾ ਲੱਗਾ ਕਿ ਇਹ ਫ਼ੌਜਾ ਸਿੰਘ ਸੀ, ਅਮਰਜੀਤ ਕੌਰ ਦਾ ਘਰ ਵਾਲਾ।

ਅਜੇ ਗੱਲਾਂ ਕਰਦੇ ਹੀ ਸੀ ਕਿ ਪੁਲਿਸ ਵਾਲਾ ਗੁਰਦਿਆਲ ਰੰਧਾਵਾ ੧੪-੧੫ ਪੁਲਿਸ ਵਾਲੇ ਤੇ ਇਕ ਜੋਸ਼ੀ ਵੀ ਆ ਗਿਆ। ਮੈਨੂੰ ਕਹਿਣ ਲੱਗਾ ਕਿ 'ਅਨੂਪ ਸਿੰਘ ਕਿਸੇ ਨੂੰ ਅੱਗੇ ਨਹੀਂ ਜਾਣ ਦੇਣਾ।' ਉਨ੍ਹਾਂ ਨੂੰ ਕੀ ਪਤਾ ਕਿ ਮੈਂ ਕਿਸ ਤਰ੍ਹਾਂ ਉਨ੍ਹਾਂ ਸਾਰਿਆਂ ਨੂੰ ਕਿੰਨਾ ਚਿਰ ਤੋਂ ਰੋਕ ਕੇ ਰੱਖਿਆ ਹੋਇਆ ਹੈ। ਮੇਰਾ ਤਾਂ ਮਤਲਬ ਇਹ ਸੀ ਕਿ ਟਾਈਮ ਲੰਘਾਓ ਤਾਂ ਕਿ ਤਦ ਤੱਕ ਪੁਲਿਸ ਆ ਜਾਵੇ। ਮੇਰਾ ਬਤੌਰ ਪੁਲਿਸ ਅਫ਼ਸਰ ਵੀ ਇਹੀ ਫ਼ਰਜ਼ ਸੀ ਕਿ ਉਨ੍ਹਾਂ ਨੂੰ ਰੋਕ ਕੇ ਰੱਖਿਆ ਜਾਵੇ ਜਦ ਤੱਕ ਫ਼ੋਰਸ ਨਹੀਂ ਆਉਂਦੀ। ਮੈਂ ਸਰਕਾਰ ਦਾ ਖ਼ੈਰ-ਖ਼ਵਾਹ ਸੀ। ਮੇਰੀ ਪ੍ਰਕਾਸ਼ ਸਿੰਘ ਬਾਦਲ ਨਾਲ ਨੇੜਤਾ ਸੀ।

ਇਸ ਮੰਦਭਾਗੀ ਘਟਨਾ ਨੂੰ ਹੋਰ ਨੇੜੇ ਹੋ ਕੇ ਠੀਕ ਸਮਝਣ ਲਈ ਵਿਚੋਂ ਟੋਕ ਕੇ, ਪਹਿਲਾਂ ਜ਼ਰਾ ਵੇਖੀਏ ਕਿ ਸ. ਅਮੋਲਕ ਸਿੰਘ ਜੋ ਇਸ ਸ਼ਾਂਤਮਈ ਰੋਸ ਮਾਰਚ ਵਿਚ ਸ਼ਾਮਲ ਸਨ, ਕੀ ਕਹਿੰਦੇ ਹਨ?

**ਸਵਾਲ : ਸ. ਅਮੋਲਕ ਸਿੰਘ ਜੀ, ਤੁਸੀਂ ਅਨੂਪ ਸਿੰਘ ਦੇ ਕਹਿਣੇ ਲੱਗ ਗਏ ਤੇ ਫਿਰ ਕੀ ਹੋਇਆ?**

**ਜਵਾਬ**: ਸਾਡੇ ਸਿੰਘ ਤਾਂ ਇਸ ਤਰ੍ਹਾਂ ਪਹਿਲੀ ਵਾਰੀ ਆਏ ਸਨ। ਨਕਲੀ ਨਿਰੰਕਾਰੀਆਂ ਨੂੰ ਸਾਡੇ ਆਉਣ ਬਾਰੇ ਖ਼ਬਰਾਂ ਮਿਲ ਗਈਆਂ ਸਨ। ਉਹ ਤਾਂ ਪੂਰੀ ਫ਼ਾਰਮੇਸ਼ਨ ਤੇ ਤਿਆਰੀ ਵਿਚ ਸਨ। ਉਨ੍ਹਾਂ ਵਲੋਂ ਡਾਂਗਾਂ ਤੇ ਫਿਰ ਮਾਰ-ਕੁਟਾਪਾ ਸ਼ੁਰੂ ਹੋ ਗਿਆ। ਅਸੀਂ ਅਜੇ ਗੱਲਾਂ ਕਰ ਹੀ ਰਹੇ ਸਾਂ ਕਿ ਆ ਕੇ ਕਿਸੇ ਸਿੰਘ ਨੇ ਦੱਸਿਆ ਕਿ ਉਹ ਤਾਂ ਕੁੱਟੀ ਜਾਂਦੇ ਹਨ। ਫ਼ੌਜਾ ਸਿੰਘ ਨੇ ਅਨੂਪ ਸਿੰਘ ਨੂੰ ਕਿਹਾ ਕਿ ਇਹ ਸਭ ਰੁਕਵਾਓ। ਅਨੂਪ ਸਿੰਘ ਨੇ ਉਨ੍ਹਾਂ ਨੂੰ ਪਿਛਾਂਹ ਕਰਨ ਦੀ ਕੋਸ਼ਿਸ਼ ਕੀਤੀ, ਪਰ ਕਾਮਯਾਬ ਨਾ ਹੋ ਸਕੇ। ਨਕਲੀ ਨਿਰੰਕਾਰੀਆਂ ਨੇ ਵੇਖ ਲਿਆ ਕਿ ਇਹ ਤਾਂ ਗੱਤਕਈ ਹਨ ਤੇ ਇਨ੍ਹਾਂ ਦਾ ਸਾਡੀਆਂ ਡਾਂਗਾਂ ਨਾਲ ਕੁਝ ਵਿਗੜਨਾ ਨਹੀਂ। ਫਿਰ ਉਨ੍ਹਾਂ ਨੇ ਰੋੜ੍ਹੇ-ਵੱਟੇ ਸਿੰਘਾਂ 'ਤੇ ਵਰ੍ਹਾਏ, ਜਿਵੇਂ ਮੀਂਹ ਪੈਂਦਾ ਹੈ। ਕਈ ਸਿੰਘਾਂ ਨੂੰ ਪੱਥਰ ਵੱਜੇ ਤੇ ਅਸੀਂ ਵੀ ਉਹੀ ਰੋੜ੍ਹੇ-ਵੱਟੇ ਚੁੱਕ ਕੇ ਉਨ੍ਹਾਂ 'ਤੇ ਵਰ੍ਹਾਏ। ਇਹ ਕੰਮ ਦੋ-ਚਾਰ ਮਿੰਟ ਹੀ ਚੱਲਿਆ। ਫਿਰ ਨਕਲੀ ਨਿਰੰਕਾਰੀਆਂ ਨੇ ਤੇਜ਼ਾਬ ਦੀਆਂ ਬੋਤਲਾਂ ਮਾਰੀਆਂ। ਬਹੁਤੇ ਸਿੰਘ ਨੰਗੇ ਪੈਰੀਂ ਸਨ। ਸਾਰੀ ਸੜਕ 'ਤੇ ਕੱਚ ਹੀ ਕੱਚ ਹੋ ਗਿਆ। ਉਪਰੋਂ ਗਰਮੀ, ਪੈਰਾਂ ਹੇਠਾਂ ਟੁੱਟੇ ਹੋਏ ਸ਼ੀਸ਼ੇ ਤੇ ਤੇਜ਼ਾਬ ਨਾਲ ਸਿੰਘਾਂ ਦੇ ਪੈਰ ਜ਼ਖ਼ਮੀ ਹੋ ਗਏ।

ਅਤੇ ਆਓ ਫਿਰ ਤੋਂ ਸ. ਅਨੂਪ ਸਿੰਘ ਤੋਂ ਪੁਲਿਸ ਦਾ ਪੱਖ ਸਮਝਦੇ ਹਾਂ:

**ਸਵਾਲ (ਸ. ਅਨੂਪ ਸਿੰਘ ਨੂੰ) : ਫਿਰ ਫ਼ੌਜਾ ਸਿੰਘ ਅੱਗੇ ਚਲੇ ਗਏ?**

**ਜਵਾਬ** : ਹਾਂ ਜੀ, ਉਹ ਅੱਗੇ ਵਧਿਆ ਤੇ ਉਧਰੋਂ ਨਕਲੀ ਨਿਰੰਕਾਰੀ ਵੀ ਅੱਗੇ ਆਉਣੇ ਸ਼ੁਰੂ ਹੋ ਗਏ। ਮੈਂ ਤਾਂ ਏਨਾ ਚਿਰ ਰੋਕੀ ਰੱਖਿਆ ਸੀ। ਏਨੇ ਨੂੰ ਇਕ ਸਿੰਘ ਕਿਰਪਾਨ ਲੈ ਕੇ, "ਬੋਲੇ ਸੋ ਨਿਹਾਲ" ਬੋਲਦਾ ਪਿੱਛੋਂ ਦੀ ਦੌੜ ਕੇ ਆਇਆ ਤੇ ਉਸ ਨੂੰ ਨਕਲੀ ਨਿਰੰਕਾਰੀਆਂ ਨੇ ਲਾਠੀਆਂ ਨਾਲ ਮਾਰ ਕੇ ਸੁੱਟ ਲਿਆ ਤੇ ਉਥੇ ਹੀ ਉਸ ਦੀ ਮੌਤ ਹੋ ਗਈ।

**ਸਵਾਲ : ਇਹ ਸਭ ਕੁਝ ਤੁਹਾਡੇ ਸਾਹਮਣੇ ਹੋਇਆ?**

**ਜਵਾਬ** : ਹਾਂ ਜੀ! ਫਿਰ ਉਹ ਸਿੰਘ ਵੀ ਅੱਗੇ ਆ ਗਏ ਤੇ ਆਪਸ ਵਿਚ ਠੱਕ-ਠੱਕ ਹੋਣੀ ਸ਼ੁਰੂ ਹੋ ਗਈ। ਪੁਲਿਸ ਵਾਲੇ ਆਸੇ-ਪਾਸੇ ਹੋ ਗਏ। ਮੈਂ ਵੀ ਇਕ ਟਰੱਕ ਦੇ ਓਹਲੇ ਹੋ ਗਿਆ। ਫਿਰ ਗੋਲੀਆਂ ਦੀ ਆਵਾਜ਼ ਸ਼ੁਰੂ ਹੋ ਗਈ, ਇਹ ਮਾਰਨ ਵਾਲੇ ਉਹੀ ਬੰਦੇ ਸਨ ਨਕਲੀ ਨਿਰੰਕਾਰੀਆਂ ਦੇ ਜਿਨ੍ਹਾਂ ਦੀਆਂ ਬੰਦੂਕਾਂ ਪਈਆਂ ਸਨ, ਤੇ ਮੈਂ ਵੇਖੀਆਂ ਸਨ। ਅਸੀਂ ਹੰਝੂ ਗੈਸ ਚਲਾਈ। ਉਨ੍ਹਾਂ ਨੇ ਟਰੱਕਾਂ ਦੇ ਓਹਲੇ ਹੋ ਕੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਕੁਝ ਡਿੱਗ ਪਏ ਤੇ ਬਾਕੀ ਪਿਛਾਂਹ ਭੱਜ ਗਏ। ਉਥੇ ਗੁਰਦਿਆਲ ਸਿੰਘ, ਭਾਈ ਫ਼ੌਜਾ ਸਿੰਘ ਨੂੰ ਮਿਲ ਗਿਆ। ਭਾਈ ਫ਼ੌਜਾ ਸਿੰਘ ਨੇ ਕਿਹਾ ਕਿ ਤੁਸੀਂ ਸਾਡੇ ਬੰਦੇ ਮਰਵਾ ਦਿੱਤੇ ਹਨ ਤੇ ਦੇ ਮੈਨੂੰ ਆਪਣਾ ਰਿਵਾਲਵਰ। ਉਸ ਨੇ ਰਿਵਾਲਵਰ ਨੂੰ ਹੱਥ ਪਾਉਣ ਦੀ ਕੋਸ਼ਿਸ਼ ਕੀਤੀ। ਭਾਈ ਫ਼ੌਜਾ ਸਿੰਘ ਦੇ ਹੱਥਾਂ 'ਚ ਰਿਵਾਲਵਰ ਦਾ ਹੋਲਸਟਰ ਆ ਗਿਆ। ਗੁਰਦਿਆਲ ਸਿੰਘ ਨੇ ਆਪਣੇ ਰਿਵਾਲਵਰ ਨਾਲ ਭਾਈ ਫ਼ੌਜਾ ਸਿੰਘ ਨੂੰ ਗੋਲੀਆਂ ਮਾਰ ਦਿੱਤੀਆਂ ਤੇ ਉਹ ਉਥੇ ਡਿੱਗ ਪਏ। ਗੁਰਦਿਆਲ ਸਿੰਘ ਨੇ ਛਾਲ ਮਾਰੀ ਤੇ ਉਧਰ ਚਲਾ ਗਿਆ। ਇਹ ਗੱਲ ਮੈਨੂੰ ਇਕ ਸਿਪਾਹੀ ਨੇ ਦੱਸੀ। ਅਸੀਂ ਜਿਧਰ ਵੀ ਜਾਈਏ, ਕੋਈ ਨਾ ਕੋਈ ਮਰਿਆ ਪਿਆ ਸੀ ਜਾਂ ਕੋਈ ਸਿਸਕ ਰਿਹਾ ਸੀ। ਅਸੀਂ ਗੱਡੀਆਂ 'ਚ ਪਾ ਕੇ ਹਸਪਤਾਲ ਲੈ ਗਏ। ਅਸੀਂ ਸੋਚਿਆ ਕਿ ਵਿਸਾਖੀ ਵਾਲੇ ਦਿਨ ੧੩ ਬੰਦੇ ਮਾਰੇ ਗਏ ਹਨ, ਇਨ੍ਹਾਂ ਵਿਚੋਂ ੧੧ ਤਾਂ ਅਖੰਡ ਕੀਰਤਨੀ ਜਥੇ ਵਾਲੇ ਸਨ। ਅਸੀਂ ਸੋਚਿਆ ਕਿ ਬੰਦੇ ਫੜ ਲਈਏ। ਜਿਸ ਕੋਲ ਵੈਪਨ ਹੈ ਜਾਂ ਜਿਸ ਨੂੰ

ਖ਼ੂਨ ਲੱਗਾ ਹੈ, ਉਸ ਨੂੰ ਫੜ ਲਈਏ। ਜਦੋਂ ਫੜੋ-ਫੜੀ ਸ਼ੁਰੂ ਹੋਈ ਤਾਂ ਨਕਲੀ ਨਿਰੰਕਾਰੀ ਦੌੜ ਗਏ। ਸੋਚਿਆ ਕਿ ਵਿਸਾਖੀ ਦਾ ਦਿਨ ਹੈ, ਤੇ ਜਦੋਂ ਹਜ਼ਾਰਾਂ ਸਿੰਘ ਚੱਲ ਪਏ ਤਾਂ ਬਹੁਤ ਵੱਡਾ ਖ਼ੂਨ-ਖ਼ਰਾਬਾ ਹੋ ਸਕਦਾ ਹੈ। ਸੋ, ਚੰਗਾ ਇਹੀ ਹੈ ਕਿ ਨਕਲੀ ਨਿਰੰਕਾਰੀਆਂ ਦੇ ਮੁਖੀ ਨੂੰ ਇੱਥੋਂ ਕੱਢ ਦੇਈਏ। ਫਿਰ ਪਤਾ ਨਹੀਂ ਕਿ ਕਿਸ ਨੇ ਗੱਡੀ ਦਿੱਤੀ, ਕਿਸ ਨੇ ਐਸਕੋਰਟ ਦਿੱਤੀ ਤੇ ਉਸ ਨੂੰ ਅੰਬਾਲੇ ਤੱਕ ਛੱਡ ਆਏ। ਸਾਡੇ ਵਲੋਂ ਹੰਝੂ ਗੈਸ ਛੱਡਣ ਤੋਂ ਬਾਅਦ ਦੋਵੇਂ ਧਿਰਾਂ ਭੱਜ ਗਈਆਂ ਸਨ, ਪਰ ਨਕਲੀ ਨਿਰੰਕਾਰੀਆਂ ਨੇ ਗੋਲੀਆਂ ਨਾਲ ਬੰਦੇ ਮਾਰੇ ਸਨ। ਸਾਡੀ ਹਮਦਰਦੀ ਸਿੰਘਾਂ ਨਾਲ ਤਾਂ ਸੀ ਹੀ। ਦਰਅਸਲ ਸਿੰਘਾਂ ਦਾ ਮੰਤਵ ਤਾਂ ਇਹ ਸੀ ਕਿ ਸਮਾਗਮ ਬੰਦ ਹੋਵੇ। ਨਕਲੀ ਨਿਰੰਕਾਰੀ ਤਿਆਰੀ ਕਰਕੇ ਆਏ ਸਨ ਤੇ ਬੰਦੂਕਾਂ ਲੈ ਕੇ ਆਏ ਸਨ। ਅਸੀਂ ੫੦੩ ਦਾ ਪਰਚਾ ਦਰਜ ਕਰ ਲਿਆ ਤੇ ਨਿਰੰਕਾਰੀ ਭਵਨ ਦੀਆਂ ਬਾਕੀ ਥਾਵਾਂ 'ਤੇ ਛਾਪੇ ਮਾਰੇ। ਕੋਠੀ ਨਾਲ ਹੀ ਸੀ। ਕੋਠੀ ਦੀ ਤਲਾਸ਼ੀ ਦੀ ਡਿਊਟੀ ਮੇਰੀ ਲੱਗੀ। ਉਨ੍ਹਾਂ ਦੇ ਮੁਖੀ ਦਾ ਜਵਾਈ ਤਲਾਸ਼ੀ ਵੇਲੇ ਨਾਲ ਸੀ ਤੇ ਕਹਿਣ ਲੱਗਾ ਕਿ "ਗ੍ਰੰਥ ਸਾਹਿਬ ਸਿਆਹੀ ਨਾਲ ਲਿਖਿਆ ਹੋਇਆ ਹੈ ਤੇ ਤੁਹਾਨੂੰ ਪਤਾ ਹੈ ਕਿ ਸਿਆਹੀ ਕਿਵੇਂ ਗੰਦਗੀ ਨਾਲ ਬਣਾਈ ਜਾਂਦੀ ਹੈ। ਅਸੀਂ ਤਾਂ ਸਿੱਖਾਂ ਨੂੰ ਕੁਝ ਕਹਿੰਦੇ ਹੀ ਨਹੀਂ।" ਮੈਂ ਬੜਾ ਹੈਰਾਨ ਹੋਇਆ ਪਰ ਚੁੱਪ ਰਿਹਾ। ਅਸੀਂ ਤਲਾਸ਼ੀ ਲਈ ਪਰ ਕੋਈ ਖ਼ਾਸ ਸਾਮਾਨ ਨਾ ਮਿਲਿਆ। ਅਸੀਂ ਨਿਰੰਕਾਰੀ ਭਵਨ 'ਚੋਂ ਬੰਦੇ ਫੜ ਲਏ। ਪਰਚਾ ਦਰਜ ਹੋ ਗਿਆ ਤੇ ਨਕਲੀ ਨਿਰੰਕਾਰੀ ਸੁਪਰੀਮ ਕੋਰਟ ਵਿਚ ਚਲੇ ਗਏ ਕਿ ਕੇਸ ਪੰਜਾਬ ਵਿਚ ਨਹੀਂ ਚੱਲਣਾ ਚਾਹੀਦਾ। ਸੁਪਰੀਮ ਕੋਰਟ ਨੇ ਕਿਹਾ ਕਿ ਕੇਸ ਪੰਜਾਬ ਤੋਂ ਬਾਹਰ ਲੈ ਜਾਓ ਪਰ ਇਸੇ ਹਾਈਕੋਰਟ ਦੇ ਅਧੀਨ ਰਹਿਣਾ ਚਾਹੀਦਾ ਹੈ। ਖ਼ੈਰ! ਕੇਸ ਕਰਨਾਲ ਚੱਲ ਪਿਆ ਤੇ ਮੈਂ ਹਰ ਪੇਸ਼ੀ 'ਤੇ ਜਾਂਦਾ ਰਿਹਾ। ਕੇਸ ਦਾ ਫ਼ੈਸਲਾ ਨਕਲੀ ਨਿਰੰਕਾਰੀਆਂ ਦੇ ਹੱਕ ਵਿਚ ਹੋਇਆ ਤੇ ਜਦੋਂ ਅਪੀਲ ਦਾ ਸਮਾਂ ਆਇਆ ਤਾਂ ਉਸ ਵੇਲੇ ਪੰਜਾਬ ਵਿਚ ਕਾਂਗਰਸ ਦੀ ਸਰਕਾਰ ਸੀ। ਮੁੱਖ ਮੰਤਰੀ ਦਰਬਾਰਾ ਸਿੰਘ ਨੇ ਫ਼ੈਸਲਾ ਲਿਆ ਕਿ ਸੈਸ਼ਨ ਕੋਰਟ ਦੇ ਫ਼ੈਸਲੇ ਵਿਰੁੱਧ ਕੋਈ ਅਪੀਲ ਨਹੀਂ ਕਰਨੀ ਤੇ ਇਹੀ ਗੱਲ ਕਾਂਗਰਸ ਦੇ ਜ਼ਿੰਮੇ ਲੱਗਦੀ ਹੈ।

ਇਸ ਦੁਖਦਾਈ ਕਾਂਡ ਵਿਚ ਸਭ ਤੋਂ ਅੱਗੇ ਆਉਣ ਵਾਲੇ ਭਾਈ ਫ਼ੌਜਾ ਸਿੰਘ ਦੀ ਧਰਮ ਪਤਨੀ ਬੀਬੀ ਅਮਰਜੀਤ ਕੌਰ ਨੇ ਆਪਣੀ ਮੁਲਾਕਾਤ ਵਿਚ ਲੇਖਕ ਨੂੰ ਇਸ ਤਰ੍ਹਾਂ ਦੱਸਿਆ :

**ਸਵਾਲ : ਬੀਬੀ ਅਮਰਜੀਤ ਕੌਰ ਜੀ (ਧਰਮ ਪਤਨੀ ਭਾਈ ਫ਼ੌਜਾ ਸਿੰਘ), ਆਪ ਜੀ ਸ. ਫ਼ੌਜਾ ਸਿੰਘ ਜੀ ਦੀ ਕੋਈ ਖ਼ਾਸ ਗੱਲ ਦੱਸੋ ?**

**ਜਵਾਬ** : ਜਿੱਥੇ ਕਿਤੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੁੰਦੀ, ਉਥੇ ਫ਼ੌਜਾ ਸਿੰਘ ਜਾਂਦੇ ਸਨ ਤੇ ਮੈਂ ਵੀ ਨਾਲ ਹੁੰਦੀ ਸੀ। ਇਹ ਸੈਂਟੀਮੈਂਟਲ ਸਨ ਤੇ ਟੌਲਰੇਟ (ਬਰਦਾਸ਼ਤ) ਨਹੀਂ ਸਨ ਕਰ ਸਕਦੇ। ਜਦੋਂ ੧੯੭੮ ਵਿਚ ਸਿੰਘ ਨਕਲੀ ਨਿਰੰਕਾਰੀਆਂ ਦੇ ਸਮਾਗਮ ਵੱਲ ਚੱਲ ਪਏ ਤਾਂ ਮੈਂ ਸੰਤ ਜਰਨੈਲ ਸਿੰਘ ਦੇ ਕਮਰੇ ਵਿਚ ਪਹੁੰਚੀ। ਸੰਤ ਜਰਨੈਲ ਸਿੰਘ ਉਥੇ ਬੈਠੇ ਸਨ। ਉਨ੍ਹਾਂ ਮੈਨੂੰ ਕਿਹਾ ਕਿ ਤੁਸੀਂ ਚੱਲੋ, ਬੱਸ ਆਉਂਦੇ ਪਏ ਨੇ ਸਿੰਘ। ਮੈਂ ਉਨ੍ਹਾਂ ਨੂੰ ਕਹਿ ਦਿੱਤਾ ਕਿ ਬਾਬਾ ਜੀ, ਅੱਜ ਉਨ੍ਹਾਂ ਨੇ ਵਾਪਸ ਨਹੀਂ ਆਉਣਾ। ਮੈਂ ਕਿਹਾ, ਮੇਰੇ ਕੋਲੋਂ ਲਿਖਵਾ ਲਵੋ, ਉਨ੍ਹਾਂ ਨੇ ਹੁਣ ਵਾਪਸ ਨਹੀਂ ਆਉਣਾ। ਥੋੜ੍ਹੀ ਦੇਰ ਬਾਅਦ ਫ਼ੌਜਾ ਸਿੰਘ ਦੀ ਲਾਸ਼, ਬਾਕੀ ਹੋਰ ਲਾਸ਼ਾਂ ਸਮੇਤ ਆਉਣੀਆਂ ਸ਼ੁਰੂ ਹੋ ਗਈਆਂ।

ਉਸ ਸਮੇਂ ਅੰਮ੍ਰਿਤਸਰ ਵਿਚ ਲੱਗੇ ਹੋਏ ਪੁਲਿਸ ਅਫ਼ਸਰ ਸ. ਇਕਬਾਲ ਸਿੰਘ ਲਾਲਪੁਰਾ ਨਾਲ ਵੀ ਭੇਂਟ ਹੋਈ। ਉਨ੍ਹਾਂ ਨੇ ਇਸ ਸਬੰਧੀ ਜੋ ਕੁਝ ਦੱਸਿਆ, ਉਹ ਨਿਮਨ-ਲਿਖਤ ਸਵਾਲਾਂ ਤੇ ਜਵਾਬਾਂ ਵਿਚ ਦਰਸਾਇਆ ਗਿਆ ਹੈ :

**ਸਵਾਲ : ਸ. ਇਕਬਾਲ ਸਿੰਘ ਜੀ, ਤੁਸੀਂ ੧੯੭੮ ਵਿਚ ਅੰਮ੍ਰਿਤਸਰ 'ਚ ਸੀ, ਜਦੋਂ ਨਕਲੀ ਨਿਰੰਕਾਰੀਆਂ ਵਲੋਂ ਇਹ ਖ਼ੂਨੀ ਕਾਰਾ ਹੋਇਆ ? ਨਕਲੀ ਨਿਰੰਕਾਰੀਆਂ ਦੀ ਮੂਵਮੈਂਟ ਜਿਸ ਤਰ੍ਹਾਂ ਸ਼ੁਰੂ ਹੋਈ, ਉਸ ਵੇਲੇ ਤੁਸੀਂ ਉਥੇ ਸੀ, ੧੯੭੮ ਵਿਚ ?**

**ਜਵਾਬ** : ੧੯੭੮ ਵਿਚ ਸਿੱਖਾਂ ਤੇ ਨਕਲੀ ਨਿਰੰਕਾਰੀਆਂ ਦਾ ਕਲੇਸ਼ ਹੋਇਆ ਸੀ ਵਿਸਾਖੀ ਵਾਲੇ ਦਿਨ। ਨਕਲੀ ਨਿਰੰਕਾਰੀ ਰੇਲਵੇ ਕਾਲੋਨੀ ਦੇ ਨੇੜੇ ਆਪਣਾ ਸਮਾਗਮ ਕਰ ਰਹੇ ਸਨ। ਉਨ੍ਹਾਂ ਨੂੰ ਰੋਕਣ ਲਈ ਇਕ ਜਥਾ ਦਰਬਾਰ ਸਾਹਿਬ ਤੋਂ ਚੱਲਿਆ ਸੀ ਜਿਸ ਵਿਚ ਦਮਦਮੀ ਟਕਸਾਲ ਤੇ ਅਖੰਡ ਕੀਰਤਨੀ ਜਥੇ ਦੇ ਫ਼ੌਜਾ ਸਿੰਘ ਤੇ ਸੁਰਿੰਦਰ ਸਿੰਘ ਉਨ੍ਹਾਂ ਨਾਲ ਸਨ। ਉਥੇ ਜਾ ਕੇ ਜਦੋਂ ਇਹ ਡੀ-ਬਲਾਕ ਪਹੁੰਚੇ ਤਾਂ ੧੩ ਸਿੰਘ ਮਾਰ ਦਿੱਤੇ ਗਏ ਤੇ ੪ ਹੋਰ ਲੋਕ ਮਾਰੇ ਗਏ ਤੇ ਕੁੱਲ ਇਸ ਤਰ੍ਹਾਂ ੧੭ ਲੋਕ ਮਾਰੇ ਗਏ ਅਤੇ ਦੋ ਰਾਹਗੀਰ ਸਨ। ਸ. ਰਾਜਿੰਦਰ ਸਿੰਘ ਐੱਸ.ਪੀ. ਸੀ ਰਿਟਾਇਰ ਹੋ ਗਏ ਹਨ। ਉਹ ਇਸ ਤਫ਼ਤੀਸ਼ ਦੇ ਮੁਖੀ ਸਨ। ਜਦੋਂ ਨਿਰੰਜਨ ਸਿੰਘ ਆਈ.ਐਸ. ਨੂੰ ਇੰਟੈਰੋਗੇਟ ਕੀਤਾ, ਇਸੇ ਮੁਕੱਦਮੇ ਵਿਚ ਉਦੋਂ ਉਨ੍ਹਾਂ ਨੂੰ ਘਰਿੰਡੇ ਥਾਣੇ ਲੈ ਕੇ ਆਏ ਸੀ ਤੇ ਮੈਂ ਉਦੋਂ ਘਰਿੰਡੇ ਥਾਣੇ ਵਿਚ ਲੱਗਾ ਹੋਇਆ ਸੀ। ਇਸ ਲਈ ਉਨ੍ਹਾਂ ਦੀ ਤਿੰਨ ਚਾਰ ਦਿਨ ਜਿਹੜੀ ਇੰਟੈਰੋਗੇਸ਼ਨ ਇਸ ਮੁਕੱਦਮੇ ਦੇ ਸਬੰਧ ਵਿਚ ਹੋਈ, ਉਹ ਵੀ ਸਾਡੀ ਹਾਜ਼ਰੀ ਵਿਚ ਉਥੇ ਹੋਈ ਸੀ।

**ਸਵਾਲ : ਅਸਲੀ ਕਾਰਨ ਕੀ ਰਿਹਾ ਸੀ, ਵਿਵਾਦ ਹੋਇਆ ਕਿਉਂ ?**

**ਜਵਾਬ** : ਦੇਖੋ, ਇਹ ਤਾਂ ਪੁਰਾਣੀ ਗੱਲ ਚਲੀ ਆ ਰਹੀ ਸੀ। ਸੰਤ ਗੁਰਬਚਨ ਸਿੰਘ ਭਿੰਡਰਾਂਵਾਲਿਆਂ ਵੇਲੇ ਵੀ ਤੇ ਸੰਤ ਕਰਤਾਰ ਸਿੰਘ ਭਿੰਡਰਾਂਵਾਲਿਆਂ ਦੇ ਵੇਲੇ ਵੀ। ਉਹ ਗੱਲ ਜਿਹੜੀ ਹੈ ਲੋਕਾਂ ਦੇ ਮਨਾਂ 'ਚ ਸੀ ਕਿ ਨਕਲੀ ਨਿਰੰਕਾਰੀ ਸਿੱਖ ਧਰਮ ਦੀ ਬੇਅਦਬੀ ਕਰਦੇ ਹਨ। ਇਸ ਗੁੱਸੇ ਤਹਿਤ ਹੀ ਉਨ੍ਹਾਂ ਨੇ ਵਿਸਾਖੀ ਵਾਲੇ ਦਿਨ ਹੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਸਮਾਗਮ ਰੱਖਿਆ। ਉਸ ਵੇਲੇ ਮੰਜੀ ਸਾਹਿਬ ਦੀਵਾਨ ਹਾਲ ਵਿਚ ਜਥੇਦਾਰ ਜੀਵਨ ਸਿੰਘ ਉਮਰਾਨੰਗਲ, ਜਿਹੜੇ ਉਦੋਂ ਪੰਜਾਬ ਦੇ ਮੰਤਰੀ ਸਨ, ਭਾਸ਼ਣ ਦੇ ਰਹੇ ਸਨ ਕਿ ਕੁਝ ਸਿੱਖਾਂ, ਜਿਨ੍ਹਾਂ ਵਿਚ ਦਮਦਮੀ ਟਕਸਾਲ ਵਾਲੇ ਵੀ ਸਨ, ਨੇ ਕਿਹਾ ਕਿ ਇਨ੍ਹਾਂ (ਨਕਲੀ ਨਿਰੰਕਾਰੀਆਂ) ਦਾ ਸਮਾਗਮ ਬੰਦ ਕਰਵਾਓ। ਪਰ ਉਮਰਾਨੰਗਲ ਨੇ ਉਸ ਗੱਲ ਵੱਲ ਬਹੁਤਾ ਧਿਆਨ ਨਾ ਦਿੱਤਾ। ਉਥੋਂ ਦਮਦਮੀ ਟਕਸਾਲ ਵਾਲੇ ਅਜੀਤ ਨਗਰ ਗਏ। ਉਥੇ ਅਖੰਡ ਕੀਰਤਨੀ ਜਥੇ ਦਾ ਸਾਲਾਨਾ ਸਮਾਗਮ ਹੋ ਰਿਹਾ ਸੀ, ਰੈਣਿ ਸਬਾਈ। ਉਥੋਂ ਸਿੰਘਾਂ ਨੂੰ ਨਾਲ ਲੈ ਕੇ ਆਏ। ਫਿਰ ਉਥੇ ਜਾ ਕੇ ਰੋਕਣ ਦੀ ਕੋਸ਼ਿਸ਼ ਕੀਤੀ। ਕੋਲ ਕੁਝ ਰਵਾਇਤੀ ਹਥਿਆਰ ਸਨ ਤੇ ਬਾਕੀ ਨਿਹੱਥੇ ਸਨ। ਪਰ ਜਿਹੜੇ ਮਰੇ, ਉਹ ਸਾਰੇ ਗੋਲੀ ਨਾਲ ਮਰੇ ਹੋਏ ਸਨ। ਗੋਲੀਆਂ ਜਿਹੜੇ ਵੈਪਨ ਦੀਆਂ ਸਨ, ਉਹ ਨਕਲੀ ਨਿਰੰਕਾਰੀਆਂ ਕੋਲ ਸਨ। ਉਹ ਆਪਣੀ ਤਿਆਰੀ ਨਾਲ ਗਏ ਸਨ ਕਿ ਚੱਲੋ ਹਾਂ ਜਿੱਥੇ, ਉਥੇ ਕੋਈ ਝਗੜਾ ਹੋਣ ਦੀ ਸੰਭਾਵਨਾ ਹੈ ਤੇ ਅਸੀਂ ਆਪਣੇ ਆਪ ਨੂੰ ਬਚਾਅ ਵੀ ਸਕਾਂਗੇ ਜਾਂ ਦੂਜੇ 'ਤੇ ਹਮਲਾ ਕਰਾਂਗੇ।

**ਸਵਾਲ : ਇੰਟੈਰੋਗੇਸ਼ਨ ਵਿਚ ਕੁਝ ਸਾਹਮਣੇ ਆਇਆ ? ਉਹਦੇ ਵਿਚ ਕੁਝ ਖ਼ਾਸ ਚੀਜ਼ ਸਾਹਮਣੇ ਆਈ ?**

**ਜਵਾਬ** : ਖ਼ਾਸ ਗੱਲ ਇਹੀ ਹੈ ਕਿ ਉਹ ਤਿਆਰੀ ਨਾਲ ਆਏ ਸਨ ਕਿ ਸਾਡੇ 'ਤੇ ਹਮਲਾ ਹੋ ਸਕਦਾ ਹੈ। ਹਥਿਆਰ ਵਰਤਣ ਦੀ ਲੋੜ ਤਾਂ ਹੁੰਦੀ ਹੈ ਕਿ ਕਿੰਨੀ ਸ਼ਕਤੀ ਨਾਲ

ਤੁਹਾਡੇ 'ਤੇ ਹਮਲਾ ਹੁੰਦੈ। ਸੋ, ਇਹ ਵਿਚਾਰੇ ਤਾਂ ਲਗਭਗ ਨਿਹੱਥੇ ਹੀ ਸਨ। ਇਹ ਬੰਦੇ ਮਾਰਨ ਨਹੀਂ ਸਨ ਗਏ, ਵਿਰੋਧ ਕਰਨ ਗਏ ਸਨ ਤੇ ਸਮਾਗਮ ਨੂੰ ਰੋਕਣ ਗਏ ਸਨ।

**ਸਵਾਲ : ਏਨੀ ਵੱਡੀ ਘਟਨਾ ਵਾਪਰ ਗਈ। ਪੁਲਿਸ ਰਿਕਾਰਡ ਮੁਤਾਬਕ, ਉਸ ਵੇਲੇ ਦਾ ਦ੍ਰਿਸ਼ ਕੀ ਸੀ ਤੇ ਤੁਹਾਡੇ ਮੁਤਾਬਕ ਕੀ ਦ੍ਰਿਸ਼ ਸੀ ?**

**ਜਵਾਬ** : ਦ੍ਰਿਸ਼ ਇਹ ਸੀ ਕਿ ਇਸ ਦੀ, ਕੋਈ ਵੀ ਆਸ ਨਹੀਂ ਸੀ ਕਰਦਾ। ਮੇਰੇ ਕੋਲ ਰਿਪੋਰਟ ਵੀ ਨਹੀਂ ਸੀ ਕਿ ਇਸ ਤਰ੍ਹਾਂ ਦਾ ਕੁਝ ਹੋਵੇਗਾ ਕਿ ਸ਼ਹਿਰ ਵਿਚ ਉਸ ਵੇਲੇ ਦੇ ਹਿਸਾਬ ਨਾਲ ੧੭ ਬੰਦੇ ਮਰ ਜਾਣ। ਆਮ ਆਦਮੀਆਂ ਦੇ ਮਨਾਂ ਵਿਚ ਦਹਿਸ਼ਤ ਸੀ। ਪੁਲਿਸ ਵੀ ਅਵੇਸਲੀ ਹੀ ਫੜੀ ਗਈ। ਇੰਟੈਰੋਗੇਸ਼ਨ ਵਿਚ ਤਾਂ ਇਨ੍ਹਾਂ ਨੇ ਸਾਰੇ ਹਾਲਾਤ ਦੱਸੇ ਸਨ ਕਿ ਸਾਨੂੰ ਲੱਗਦਾ ਸੀ ਕਿ ਸਾਡੇ 'ਤੇ ਹਮਲਾ ਨਾ ਹੋ ਜਾਵੇ। ਅਸੀਂ ਆਪਣੇ ਬਚਾਅ ਲਈ ਤਿਆਰੀ ਕਰਕੇ ਗਏ ਸੀ। ਮੇਰਾ ਖ਼ਿਆਲ ਹੈ ਕਿ ਇਸ ਵਿਚ ਇੰਟੈਲੀਜੈਂਸ ਦੀ ਨਾਕਾਮੀ ਸੀ। ਫਿਰ ਜਦੋਂ ਇਹ ਵਾਰਦਾਤ ਹੋ ਗਈ ਤਾਂ ਉਸ ਤੋਂ ਬਾਅਦ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਤਾਂ ਉਸੇ ਵੇਲੇ ਚਲਾ ਗਿਆ। ਪਰ ਇਹ ਮੁਲਜ਼ਮ, ਜਿਹੜੇ ਗ੍ਰਿਫ਼ਤਾਰ ਹੋਏ ਸਨ, ਉਨ੍ਹਾਂ ਦੇ ਚਲਾਨ ਵੀ ਪੇਸ਼ ਹੋਏ ਅਦਾਲਤ ਵਿਚ। ਨਕਲੀ ਨਿਰੰਕਾਰੀ ਕੇਸ ਦੀ ਜਿਹੜੀ ਤਫ਼ਤੀਸ਼ ਹੈ, ਉਹ ਹੋਈ ਤਾਂ ਸੀ ਸਹੀ ਢੰਗ ਨਾਲ, ਪਰ ਉਹ ਸਿਰੇ ਨਹੀਂ ਚੜ੍ਹ ਸਕੀ। ਦੋਸ਼ੀਆਂ ਨੂੰ ਸਜ਼ਾ ਨਹੀਂ ਕਰਵਾ ਸਕੀ। ਇਸ ਲਈ ਇਸ ਗੱਲ ਦਾ ਦੁੱਖ ਵੀ ਸੀ ਕਿ ਅਸਲ ਦੋਸ਼ੀ ਅਸੀਂ ਹਾਂ ਕਿ ਜਿਨ੍ਹਾਂ ਨੇ ੧੩ ਬੰਦੇ ਸਿੱਖਾਂ ਦੇ ਮਾਰ ਦਿੱਤੇ, ਅਸੀਂ ਉਨ੍ਹਾਂ ਨੂੰ ਸਜ਼ਾ ਨਹੀਂ ਕਰਵਾ ਸਕੇ।

**ਸਵਾਲ : ਇਕ ਗੱਲ ਹੋਰ ਪੁੱਛਣੀ ਹੈ ਕਿ ਜਿਹੜੀ ਆਈ.ਐਸ. ਨਿਰੰਜਨ ਸਿੰਘ ਦੀ ਗੱਲ ਕਰਦੇ ਹਾਂ, ਉਸ ਨੇ ਇੰਟੈਰੋਗੇਸ਼ਨ ਵਿਚ ਕੁਝ ਮੰਨਿਆ ਸੀ ?**

**ਜਵਾਬ** : ਉਸ ਨੇ ਮੰਨਿਆ ਸੀ ਕਿ ਮੈਂ ਉਨ੍ਹਾਂ ਨਾਲ ਸੀ ਤੇ ਮੈਂ ਹੀ ਉਨ੍ਹਾਂ ਦੀ ਮਦਦ ਕਰਦਾ ਰਿਹਾ ਹਾਂ। ਅਸੀਂ ਇਸ ਗੱਲ ਵਿਚ ਜਿਹੜੇ ਵੈਪਨ ਵਗੈਰਾ ਲੈ ਕੇ ਆਏ ਸੀ, ਫ਼ੈਸਲਾ ਇਹ ਸੀ ਕਿ ਅਸੀਂ ਆਪਣੇ ਵੈਪਨ ਲੈ ਕੇ ਚੱਲਾਂਗੇ।

ਉਸ ਸਮੇਂ ੧੯੭੮ ਵਿਚ ਅੰਗਰੇਜ਼ੀ ਅਖ਼ਬਾਰ 'ਟ੍ਰਿਬਿਊਨ' ਦੇ ਅੰਮ੍ਰਿਤਸਰ ਵਿਚ ਸਥਾਪਤ ਪੱਤਰਕਾਰ ਦਲਬੀਰ ਸਿੰਘ ਨਾਲ ਵਾਰਤਾ ਹੋਈ ਅਤੇ ਉਨ੍ਹਾਂ ਨੇ ਇਸ ਬਾਰੇ ਇਸ ਤਰ੍ਹਾਂ ਦੀ ਜਾਣਕਾਰੀ ਦਿੱਤੀ :

**ਸਵਾਲ : ਸ. ਦਲਬੀਰ ਸਿੰਘ ਜੀ, ਅਪ੍ਰੈਲ ੧੯੭੮ ਵਿਚ ਹੋਏ ਸਾਕੇ ਬਾਰੇ ਦੱਸੋ। ਤੁਸੀਂ ਤਾਂ ਆਪ ਉਥੇ ਸੀ ?**

**ਜਵਾਬ** : ਮੈਂ 'ਟ੍ਰਿਬਿਊਨ' ਦਾ ਪੱਤਰਕਾਰ ਸੀ ਤੇ ਅਖ਼ਬਾਰ ਦੇ ਨਵੇਂ ਐਡੀਟਰ ਭਾਟੀਏ ਦੀ ਮੈਨੂੰ ਚਿੱਠੀ ਆਈ ਕਿ 'ਦਲਬੀਰ ਸਿੰਘ ਅੰਮ੍ਰਿਤਸਰ ਦੇ ਹਾਲਾਤ ਵਿਗੜ ਰਹੇ ਹਨ ਤੇ ਸਾਡੇ ਕੋਲ ਸਿੱਖ ਪੋਲਟਿਕਸ ਦਾ ਕੋਈ ਜਾਣਕਾਰ ਬੰਦਾ ਨਹੀਂ।" ਸੋ, ਮੈਂ ਇੱਥੇ ਆ ਗਿਆ।

ਇਥੇ ਆਉਂਦਿਆਂ ਹੀ ੧੯੭੮ ਵਿਚ ਨਕਲੀ ਨਿਰੰਕਾਰੀ ਘਟਨਾ ਹੋਈ। ਉਦੋਂ ਤੱਕ ਮੈਨੂੰ ਨਕਲੀ ਨਿਰੰਕਾਰੀਆਂ ਬਾਰੇ, ਟਕਸਾਲ ਬਾਰੇ ਡੂੰਘੀ ਜਾਣਕਾਰੀ ਨਹੀਂ ਸੀ। ਇਕ ਦਿਨ ਮੈਂ ਆ ਕੇ ਕੱਪੜੇ ਲਾਹ ਕੇ ਸੌਣ ਹੀ ਲੱਗਾ ਤਾਂ ਟੈਲੀਫ਼ੋਨ ਖੜਕਿਆ, "ਭਾਈ ਸਾਹਿਬ, ਤੁਸੀਂ ਟ੍ਰਿਬਿਊਨ...?"

ਮੈਂ ਕਿਹਾ, "ਹਾਂ।"

ਕਹਿੰਦਾ, "ਇੱਥੇ ਗੋਲੀ ਚੱਲ ਗਈ ਹੈ।"

ਮੈਂ ਕਿਹਾ, "ਕਿੱਥੇ ?" ਬਤੌਰ ਪੱਤਰਕਾਰ ਮੈਂ ਉਸ ਨੂੰ ਪੁੱਛਿਆ, "ਤੁਸੀਂ ਕੌਣ ਹੋ ?"

ਕਹਿੰਦਾ, "ਤੁਸੀਂ ਕੀ ਲੈਣੈ ਇਸ ਗੱਲ ਤੋਂ ? ਤੁਹਾਨੂੰ ਖ਼ਬਰ ਚਾਹੀਦੀ ਸੀ, ਦੇ ਦਿੱਤੀ।"

ਏਨਾ ਸੁਣਦੇ ਹੀ ਮੈਂ ਕੱਪੜੇ ਪਾ ਕੇ ਦੌੜ ਕੇ ਗਿਆ। ਨਕਲੀ ਨਿਰੰਕਾਰੀ ਸੰਮੇਲਨ ਕਾਫ਼ੀ ਖਿਡਿਆ ਹੋਇਆ ਸੀ। ਇਨ੍ਹਾਂ ਦਾ ਜਿਹੜਾ ਬਾਬਾ ਸੀ, ਉਹ ਜਾ ਚੁੱਕਾ ਸੀ, ਬੇਬੇ ਬੈਠੀ ਸੀ। ਮੈਂ ਜਦੋਂ ਪਹੁੰਚਿਆ ਤਾਂ ਲਾਸ਼ਾਂ ਚੁੱਕੀਆਂ ਜਾ ਰਹੀਆਂ ਸਨ। ਸਾਰੇ ਅਖ਼ਬਾਰ ਬੰਦ ਸਨ, ਸਿਰਫ਼ ਟ੍ਰਿਬਿਊਨ ਤੋਂ ਇਲਾਵਾ। ਟ੍ਰਿਬਿਊਨ ਵੀ ਉਦੋਂ ਸਿਰਫ਼ ਅੰਗਰੇਜ਼ੀ ਦਾ ਸੀ। ਕਿਉਂਕਿ ਕੋਈ ਵੀ ਅਖ਼ਬਾਰ ਨਹੀਂ ਸੀ ਨਿਕਲਣਾ, ਯਾਨੀ ਕਿ ਮੈਂ ਇਕੱਲਾ ਹੀ ਰਹਿ ਗਿਆ ਉਥੇ ਤੇ ਏਨੀ ਵੱਡੀ ਘਟਨਾ ਵਾਪਰ ਗਈ। ਉਥੇ ਬਾਬੇ ਦਾ ਜਵਾਈ ਵੀ ਸੀ। ਗੋਬਿੰਦ ਸਿੰਘ ਉਸ ਦਾ ਨਾਂਅ ਸੀ। ਮੈਂ ਜਦੋਂ ਪੁੱਛਣ ਲੱਗਾ ਤੇ ਭੱਜ ਕੇ ਮੇਰੇ ਕੋਲ ਆਇਆ। ਮੈਂ ਕਿਹਾ, "ਮੈਂ ਪੱਤਰਕਾਰ ਹਾਂ, ਮੈਂ ਜਾਣਕਾਰੀ ਲੈਣੀ ਹੈ।"

ਕਹਿੰਦਾ, "ਆਓ, ਆਪ ਅੰਦਰ ਆਓ, ਬੈਠਤੇ ਹੈਂ।"

ਉਹ ਇਕ ਟੈਂਟ ਵਿਚ ਮੈਨੂੰ ਲੈ ਵੜਿਆ। ਟੈਂਟ ਵਿਚ ਵੜਦਿਆਂ ਹੀ ਵੇਖਿਆ ਕਿ ਬੜੇ ਵਧੀਆ ਸੋਫ਼ੇ, ਚਿੱਟੀਆਂ ਚਾਦਰਾਂ ਤੇ ਉਤੇ ਕਵਰ ਵਿਛੇ ਹੋਏ, ਤੇ ੧੦ ਕੁ ਬੰਦੇ, ਜਿਨ੍ਹਾਂ ਨੇ ਚਿੱਟੀਆਂ ਚਾਦਰਾਂ, ਚਿੱਟੇ ਕੁੜਤੇ, ਚਿੱਟੀਆਂ ਪੱਗਾਂ ਬੰਨ੍ਹੀਆਂ ਹੋਈਆਂ ਸਨ, ਬੈਠੇ ਸਨ ਤੇ ਅਸਲਾ ਪਿਆ ਸੀ ਬਹੁਤ ਸਾਰਾ। ਇਸ ਤਰ੍ਹਾਂ ਦੇ ਹਥਿਆਰ, ਜਿਹੜੇ ਮੈਂ ਕਦੇ ਕਿਆਸੇ ਵੀ ਨਹੀਂ ਸਨ, ਉਥੇ ਪਏ ਸਨ। ਜਦੋਂ ਅੰਦਰ ਗਏ ਤਾਂ ਉਹ ਗੋਬਿੰਦ ਸਿੰਘ ਘਬਰਾ ਗਿਆ। ਕਹਿੰਦਾ, "ਗ਼ਲਤ ਥਾਂ ਆ ਗਏ।"

ਮੈਂ ਕਿਹਾ, "ਚਲੋ ਜਿਹੜੀ ਠੀਕ ਥਾਂ ਹੈ, ਉਥੇ ਬੈਠ ਜਾਂਦੇ ਹਾਂ।"

ਉਹ ਫਿਰ ਮੈਨੂੰ ਦੂਜੇ ਟੈਂਟ ਵਿਚ ਲੈ ਵੜਿਆ। ਉਥੇ ਮੈਂ ਉਸ ਨੂੰ ਪੁੱਛ ਲਿਆ ਕਿ "ਇਹ ਕੌਣ ਹਨ ?"

ਕਹਿੰਦਾ, "ਸਾਡੇ ਕਈ ਸ਼ਰਧਾਲੂ ਆ ਜਾਂਦੇ ਨੇ।" ਅਸਲ ਵਿਚ ਇਹ ਉਹ ਬੰਦੇ ਸਨ ਜਿਨ੍ਹਾਂ ਨੇ ਗੋਲੀਆਂ ਚਲਾਈਆਂ ਸਨ।

**ਸਵਾਲ : ਕੀ ਇਹ ਪਲਾਨ ਸੀ ?**

**ਜਵਾਬ** : ਪਲਾਨ ਸੀ। ਤਿਆਰੀ ਕਰਕੇ ਆਏ ਸਨ ਸਾਰੀ।

ਜਦੋਂ ਮੈਂ ਇੰਟਰਵਿਊ ਕਰਕੇ ਬਾਹਰ ਨਿਕਲਿਆ ਹੀ ਸੀ ਤਾਂ ਡੀ.ਸੀ. ਬੈਠਾ ਸੀ। ਉਨ੍ਹਾਂ ਵਿਚ ਇਕ ਡੀ.ਐਸ.ਪੀ. ਗੁਰਬਚਨ ਸਿੰਘ ਹੁੰਦਾ ਸੀ। ਉਸ ਨੇ ਮੈਨੂੰ ਇਸ਼ਾਰਾ ਕੀਤਾ ਕਿ ਬਾਦਲ ਸਾਹਿਬ ਵੀ ਇੱਥੇ ਸਰਕਟ ਹਾਊਸ 'ਚ ਹਨ। ਇਹ ਵੱਡੀ ਗੱਲ ਸੀ। ਕਿਉਂਕਿ ਅੱਜ ਤੱਕ ਲਿਖਤਾਂ ਵਿਚ ਵੀ, ਸਰਕਾਰੀ ਤੌਰ 'ਤੇ ਵੀ ਇਹ ਗੱਲ ਰੀਪੀਟ ਹੋ ਰਹੀ ਹੈ ਕਿ ਬਾਦਲ ਬੰਬੇ ਸੀ। ਏਨਾ ਵੱਡਾ ਝੂਠ ਤੇ ਸਿੱਖਾਂ ਭੋਲਿਆਂ ਨੂੰ ਪਤਾ ਹੀ ਨਹੀਂ। ਮੈਂ ਗੱਲ ਇਹ ਲਗਾਤਾਰ ਲਿਖੀ ਹੈ। ਪਰ ਉਹ ਗੱਲ ਅੱਜ ਤੱਕ ਨਹੀਂ ਛਪੀ ਕਿ ਬਾਦਲ ਉਥੇ ਸੀ ਤੇ ਮੈਂ ਵੀ ਉਥੇ ਸੀ।

**ਸਵਾਲ : ਤੁਸੀਂ ਕਿੱਥੇ ਮਿਲੇ ਸੀ ਬਾਦਲ ਸਾਹਿਬ ਨੂੰ ?**

**ਜਵਾਬ** : ਮੈਂ ਸਕੂਟਰ 'ਤੇ ਸਰਕਟ ਹਾਊਸ ਚਲਾ ਗਿਆ। ਮੈਂ ਤਾਂ ਭੇਤੀ ਸੀ ਸਾਰਾ, ਡੀ.ਸੀ. ਵੀ ਇੱਥੋਂ ਮੇਰੇ ਜਾਣ ਤੋਂ ਪਹਿਲਾਂ ਹੀ ਸਰਕਟ ਹਾਊਸ ਪਹੁੰਚ ਗਿਆ। ਮੈਂ ਸਾਰਾ ਸਰਕਟ ਹਾਊਸ ਵੇਖਿਆ ਤੇ ਸਭ ਖ਼ਾਲੀ। ਮੈਂ ਹੈਰਾਨ ਹੋ ਗਿਆ ਕਿ ਬਾਦਲ ਗਿਆ ਕਿੱਥੇ ? ਮੈਂ ਵੀ.ਆਈ.ਪੀ. ਰੂਮ 'ਚ ਗਿਆ ਤੇ ਉਹ ਵੀ ਖ਼ਾਲੀ। ਮੈਂ ਹੈਰਾਨ ! ਮੈਂ ਇੰਟਰਸਟਡ (ਜਾਣਨਾ ਚਾਹੁੰਦਾ) ਸੀ ਕਿ ਨੁਕਸਾਨ ਕਿੰਨਾ ਹੋਇਆ। ਮੈਨੂੰ ਬਾਦਲ ਸਾਹਿਬ ਮਿਲੇ, ਮੈਂ ਸਿੱਧਾ ਕਿਹਾ, "ਬਾਦਲ ਸਾਹਿਬ ਦੋ ਮਰੇ ?"

ਚੁੱਪ।

ਮੈਂ ਕਿਹਾ, "ਚਾਰ ?", ਮੈਂ ਕਿਹਾ, "ਨਿਹੱਥੇ ?"

ਮੈਂ ਉਥੋਂ ਕਿੱਕ ਮਾਰੀ ਤਾਂ ਉਥੋਂ ਲਾਸ਼ਾਂ ਗਿਣੀਆਂ। ੧੬ ਦੀ ਡੈੱਥ ਹੋ ਚੁੱਕੀ ਸੀ। ੩










ਜਿਹੜੇ ਸਨ, ਉਹ ਹੋਰ ਸਨ, ੧੩ ਇਹ ਸਨ। ਫਿਰ ਡਿਸਪੈਚ ਵਿਚ ਹੀ ਖ਼ਾਸ ਗੱਲ ਜਿਹੜੀ ਹੈ, ਕਿਉਂਕਿ ਹੋਰ ਤਾਂ ਕੋਈ ਅਖ਼ਬਾਰ ਛਪਿਆ ਨਹੀਂ ਸੀ, ਸਿਰਫ਼ ਟ੍ਰਿਬਿਊਨ ਛਪਿਆ ਸੀ। ਗਿਆਨੀ ਮਹਿੰਦਰ ਸਿੰਘ ਸ਼੍ਰੋਮਣੀ ਕਮੇਟੀ ਦਾ ਉਸ ਟਾਈਮ ਸੈਕਟਰੀ ਸੀ। ਇਹ ਅਗਲੇ ਦਿਨ ਆਇਆ ਤੇ ਉਨ੍ਹਾਂ ਕਿਹਾ ਕਿ ਦਲਬੀਰ ਸਿੰਘ ਜੀ, ਅਸੀਂ ਤੇਰਾ ਦੇਣਾ ਨਹੀਂ ਦੇ ਸਕਦੇ। ਤੂੰ ਸਾਡੀ ਪੱਤ ਰੱਖ ਲਈ। ਮਤਲਬ ਉਹ ਗੱਲ ਨੰਗੀ ਹੋ ਗਈ ਕਿ ਗੋਲੀ ਕਿਸ ਨੇ ਚਲਾਈ ਹੈ।

**ਸਵਾਲ : ਇਸ ਤੋਂ ਬਾਅਦ ਕੀ ਹੋਇਆ ?**

**ਜਵਾਬ** : ਉਸੇ ਦਿਨ ਹੀ ਸ਼ਾਮ ਨੂੰ ਸੰਤ ਭਿੰਡਰਾਂਵਾਲੇ ਬਹੁਤ ਵੱਡਾ ਜਲੂਸ ਦਰਬਾਰ ਸਾਹਿਬ ਤੋਂ ਕੱਢ ਕੇ ਮੁਰਦਾਖ਼ਾਨੇ ਤੱਕ ਲੈ ਗਏ। ਉਹ ਜਲੂਸ ਏਨਾ ਜ਼ਬਰਦਸਤ ਸੀ ਕਿ ਸਾਰਾ ਸ਼ਹਿਰ ਬੰਦ ਹੋ ਗਿਆ ਯਾਨੀ ਹਿੰਦੂ ਤਾਂ ਏਨਾ ਡਰ ਗਏ ਕਿ ਪਤਾ ਨਹੀਂ ਕਿ ਅੱਜ ਸਾਡੀ ਸ਼ਾਮਤ ਆਈ ਕਿ ਆਈ। ਸਾਰੀਆਂ ਗਲੀਆਂ ਸੁੰਨਸਾਨ ਤੇ ਇਨ੍ਹਾਂ ਦੇ ਹੱਥਾਂ ਵਿਚ ਵੈਪਨ ਤੇ ਤਲਵਾਰਾਂ ਸਨ। ਮੁਰਦਾਘਰਾਂ ਵਿਚ ਲਾਸ਼ਾਂ ਹੀ ਸਨ ਤੇ ਹੁਣ ਗੱਲ ਸੀ ਸਸਕਾਰ ਦੀ। ਮੈਨੂੰ ਐਕਟਿਵ ਰਹਿਣਾ ਪਿਆ ਤੇ ਸਾਰੇ ਕੁਝ ਦਾ ਕੇਂਦਰ ਸੰਤ ਭਿੰਡਰਾਂਵਾਲਾ ਸਨ ਤੇ ਸਾਰੀ ਕਵਰੇਜ ਸੰਤ ਭਿੰਡਰਾਂਵਾਲਿਆਂ ਦੇ ਇਰਦ-ਗਿਰਦ ਹੀ ਚੱਲਣੀ ਸੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਧੀਕ ਸਕੱਤਰ, ਕੁਲਵੰਤ ਸਿੰਘ ਰੰਧਾਵਾ ਨੇ ਇਸ ਤਰ੍ਹਾਂ ਦੱਸਿਆ ਹੈ :

**ਸਵਾਲ : ਤੁਸੀਂ ਦੱਸੋ, ਕਿ ਜਦੋਂ ਇਸ ਖ਼ੂਨੀ ਸਾਕੇ ਦੀ ਖ਼ਬਰ ਆਈ, ਤਾਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤੇ ਬਾਕੀਆਂ ਨੇ ਕੀ ਕਿਹਾ ?**

**ਜਵਾਬ** : ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਬਹੁਤ ਮਾਯੂਸ ਵੇਖੇ। ਉਹ ਕਹਿਣ ਲੱਗੇ ਕਿ ਹੁਣ ਜੀਅ ਕੇ ਕੀ ਕਰਨਾ ਹੈ ? ਤੇ ਮੈਨੂੰ ਆਪ ਅੱਜ ਸ਼ਹੀਦ ਹੋਣਾ ਚਾਹੀਦਾ ਸੀ। ਸੰਤਾਂ ਵਿਚ ਰੋਹ, ਗੁੱਸਾ ਤੇ ਗ਼ਮਗ਼ੀਨਤਾ ਸੀ।

ਪੱਤਰਕਾਰ ਹਰਬੀਰ ਸਿੰਘ ਭੰਵਰ ਨਾਲ ਵਾਰਤਾ ਹੋਈ ਅਤੇ ਉਨ੍ਹਾਂ ਨੇ ਇਸ ਬਾਰੇ ਇਸ ਤਰ੍ਹਾਂ ਦੀ ਜਾਣਕਾਰੀ ਦਿੱਤੀ :

**ਸਵਾਲ : ਭੰਵਰ ਜੀ, ਕੀ ਬਾਅਦ ਵਿਚ ਨਕਲੀ ਨਿਰੰਕਾਰੀ ਹੀ ਖਾੜਕੂਆਂ ਦੇ ਨਿਸ਼ਾਨੇ ’ਤੇ ਰਹੇ ?**

**ਜਵਾਬ** : ਨਕਲੀ ਨਿਰੰਕਾਰੀਆਂ ਨਾਲ ਜਿਹੜਾ ਝਗੜਾ ਹੋਇਆ ਸੀ, ਵਿਸਾਖੀ ਵਾਲੇ ਦਿਨ, ਉਸ ਵਿਚ ਉਨ੍ਹਾਂ (ਨਕਲੀ ਨਿਰੰਕਾਰੀਆਂ) ਦੀ ਜ਼ਿਆਦਤੀ ਸੀ ਕਿਉਂਕਿ ਉਸ ਵਿਚ ਦੂਜੇ ਪਾਸੇ, ਸਾਰੇ ਨਿਹੱਥੇ ਸਨ। ਜਿਹੜੇ ਪ੍ਰੋਟੈਸਟ ਕਰ ਰਹੇ ਸਨ ਕਿ ਤੁਸੀਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਚੇਅਰ ਨਾ ਲਗਾਓ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨਾ ਕਰੋ, ਉਹ ਪ੍ਰੋਟੈਸਟ ਕਰਨ ਗਏ ਸਨ। ਉਨ੍ਹਾਂ ਨੇ ਅੱਗਿਓਂ ਤਿਆਗੀ ਕੀਤੀ ਸੀ ਤੇ ਉਸ ਦਾ ਅਸਰ ਹੋਇਆ ਕਿ ਨਿਹੱਥੇ ਸਿੱਖ ਮਾਰ ਦਿੱਤੇ ਸਨ ਤੇ ਫਿਰ ਉਸ ਦਾ ਬਦਲਾ ਲੈਣਾ ਸੀ। ਭਿੰਡਰਾਂਵਾਲਿਆਂ ਨੇ ਇਹ ਵੀ ਕਹਿ ਦਿੱਤਾ ਕਿ ਜਿਹੜਾ ਬੰਦਾ ਇਸ (ਗੁਰਬਚਨ ਸਿੰਘ) ਨੂੰ ਮਾਰੇਗਾ, ਮੈਂ ਉਸ ਨੂੰ ਸੋਨੇ ਨਾਲ ਤੋਲਾਂਗਾ। ਉਸ ਦੀ ਫਿਰ ਹੱਤਿਆ ਹੋ ਗਈ।

**ਸਵਾਲ : ਭੰਵਰ ਸਾਹਿਬ, ਇਕ ਗੱਲ ਹੋਰ ਦੱਸੋ। ਅਕਾਲੀਆਂ ਤੇ ਸ਼੍ਰੋਮਣੀ ਕਮੇਟੀ ਨੇ ਜ਼ੋਰ ਪਾਇਆ, ਪੰਜਾਬ ਸਰਕਾਰ ’ਤੇ ਕਿ ਨਿਰੰਕਾਰੀ ਭਵਨ, ਪੰਜਾਬ ਵਿਚ ਚੱਲਣ ਨਾ ਦਿੱਤੇ ਜਾਣ, ਖ਼ਾਸ ਕਰਕੇ ਅੰਮ੍ਰਿਤਸਰ ਵਿਚ। ਪਰ ਮਗਰੋਂ, ਹਰਬੰਸ ਲਾਲ ਖੰਨਾ, ਜੋ ਮੈਂ ਪੜ੍ਹਿਆ ਸੁਣਿਆ ਹੈ, ਨੇ ਕਹਿ-ਕੁਹਾ ਕੇ ਨਿਰੰਕਾਰੀ ਭਵਨ ਖੁਲ੍ਹਵਾ ਦਿੱਤੇ। ਕੀ ਇਹ ਗੱਲ ਠੀਕ ਸੀ ?**

**ਜਵਾਬ** : ਖੁਲ੍ਹਵਾਏ ਤਾਂ ਭਾਵੇਂ ਕੁਝ ਦੇਰ ਬਾਅਦ ਹੋਣ। ਹਰਬੰਸ ਲਾਲ ਖੰਨਾ ਤੇ ਲਕਸ਼ਮੀ ਕਾਂਤਾ ਚਾਵਲਾ, ਉਹ ਕਹਿੰਦੇ ਸੀ ਕਿ ਖੋਲ੍ਹਣ ਦਿਓ, ਇਨ੍ਹਾਂ ਦਾ ਸਿਧਾਂਤਕ ਹੱਕ ਹੈ। ਇਨ੍ਹਾਂ ਨੂੰ ਹਫ਼ਤਾਵਾਰੀ ਸਤਿਸੰਗ ਦੀ ਆਗਿਆ ਦਿੱਤੀ ਜਾਣੀ ਚਾਹੀਦੀ ਹੈ। ਬੰਦ ਨਹੀਂ ਕਰਨੀ ਚਾਹੀਦੀ। ਇਸੇ ਕਰਕੇ ਉਹ ਗਰਮਸ਼ੀਲਾਂ ਦੇ ਨਿਸ਼ਾਨੇ ’ਤੇ ਵੀ ਆ ਗਿਆ।

ਲੇਖਕ ਨੇ, ਨਕਲੀ ਨਿਰੰਕਾਰੀਆਂ ਦਾ ਪੱਖ ਜਾਣਨ ਲਈ ਨਿਰੰਜਨ ਸਿੰਘ ਨਿਰੰਕਾਰੀ,

ਜਿਹੜਾ ਗੁਰਬਚਨ ਸਿੰਘ ਦੇ ਬਹੁਤ ਭਰੋਸੇ ਵਾਲੇ ਸਾਥੀਆਂ ਵਿਚੋਂ ਸੀ, ਨਾਲ ਮਿਲ ਕੇ, ਉਸ ਕੋਲੋਂ ਇਸ ਬਾਰੇ ਆਪਣੇ ਪੱਖ ਦੀ ਜਾਣਕਾਰੀ ਮੰਗੀ। ਉਸ ਨੇ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਉਨ੍ਹਾਂ ਨੂੰ ਵਰਤਮਾਨ ਮੁਖੀ ਹਰਦੇਵ ਸਿੰਘ ਵਲੋਂ ਮਨਾਹੀ ਹੈ ਕਿ ਕੋਈ ਵੀ, ਇਸ ਸਬੰਧੀ ਕਿਸੇ ਨੂੰ ਕੋਈ ਇੰਟਰਵਿਊ ਨਾ ਦੇਵੇ।

ਇਹ ਕਹਿਣਾ ਵਾਜਬ ਹੈ ਕਿ ਵਰਤਮਾਨ ਸਮੇਂ ਵਿਚ ਸਿੱਖ ਕੌਮ ਨੂੰ ਸੰਘਰਸ਼, ਤਕਲੀਫ਼ਾਂ, ਸ਼ਹੀਦੀਆਂ ਅਤੇ ਨਾਲ ਹੀ ਘੱਟ ਨਿੱਗਰ ਸੋਚ ਵਾਲੇ ਨੇਤਾ ਹੀ ਨਸੀਬ ਹੋਏ ਹਨ। ਦੇਸ਼ ਦਾ ਸੰਵਿਧਾਨ ਕਹਿੰਦਾ ਹੈ ਕਿ ਹਰ ਬੰਦਾ ਤੇ ਧੜਾ, ਆਪਣੀ ਆਸਥਾ ਦਾ ਪ੍ਰਚਾਰ ਕਰ ਸਕਦਾ ਹੈ, ਪਰ ਦੂਜੇ ਨੂੰ ਨੀਵਾਂ ਦਿਖਾ ਕੇ ਤੇ ਨਿੰਦ ਕੇ ਨਹੀਂ। ਜੇ ਸਿੱਖਾਂ ਨੇ, ਇਸ ਸਬੰਧੀ ਰੋਸ ਮਾਰਚ ਕੀਤਾ ਤਾਂ ਉਨ੍ਹਾਂ ਨੂੰ ਹੱਕ ਹੈ ਇਸ ਤਰ੍ਹਾਂ ਕਰਨ ਦਾ। ਨਕਲੀ ਨਿਰੰਕਾਰੀਆਂ ਵਲੋਂ ਸ਼ਾਂਤਮਈ, ਪੈਰੋਂ ਨੰਗੇ ਤੇ ਨਾਮ ਦਾ ਜਾਪ ਕਰਦੇ ਹੋਏ, ਗੁਰਸਿੱਖਾਂ 'ਤੇ ਗੋਲੀਆਂ ਵਰ੍ਹਾਉਣੀਆਂ ਕਿਸੇ ਗੱਲੋਂ ਠੀਕ ਨਹੀਂ। ਇਹ ਤਾਂ ਪੂਰੀ ਕੌਮ ਨੂੰ ਵੰਗਾਰਨ ਵਾਲੀ ਗੱਲ ਸੀ। ਇਸ ਤੋਂ ਪਹਿਲਾਂ, ਜ਼ਿਲ੍ਹਾ ਪ੍ਰਬੰਧਕਾਂ ਨੂੰ ਇਸ ਗੱਲ ਦੀ ਸਮਝ ਹੋਣੀ ਚਾਹੀਦੀ ਸੀ ਕਿ ਵਿਸਾਖੀ ਵਾਲੇ ਦਿਨ ਨਕਲੀ ਨਿਰੰਕਾਰੀਆਂ ਨੂੰ ਅੰਮ੍ਰਿਤਸਰ ਵਿਚ ਆਪਣਾ ਸਮਾਗਮ ਨਹੀਂ ਸੀ ਕਰਨ ਦੇਣਾ ਚਾਹੀਦਾ। ਜਦੋਂ ਉਨ੍ਹਾਂ 'ਤੇ ਧਰਮੀ ਸਿੰਘਾਂ ਵਿਚ ਪਹਿਲਾਂ ਤੋਂ ਹੀ ਕੁੜੱਤਣ ਸੀ ਤੇ ਕੋਈ ਅਣਸੁਖਾਵੀਂ ਘਟਨਾ ਹੋ ਸਕਦੀ ਸੀ। ਅਕਾਲੀ ਵਜ਼ੀਰ ਮੰਜੀ ਸਾਹਿਬ ਦੀਵਾਨ ਹਾਲ ਦੀ ਸਟੇਜ 'ਤੇ ਬੈਠਿਆਂ ਨੂੰ ਜਦੋਂ ਨਕਲੀ ਨਿਰੰਕਾਰੀਆਂ ਦੇ ਜਲੂਸ ਤੇ ਉਨ੍ਹਾਂ ਦੇ ਬੋਲਾਂ ਬਾਰੇ ਦੱਸਿਆ ਗਿਆ ਤਾਂ ਉਨ੍ਹਾਂ ਦਾ ਫ਼ਰਜ਼ ਸੀ ਕਿ ਜ਼ਿਲ੍ਹਾ ਪ੍ਰਸ਼ਾਸਨ ਨੂੰ ਤਾੜਨਾ ਕਰ ਦਿੰਦੇ। ਏਨੇ ਸਿੱਖ ਵੀਰਾਂ ਦੀਆਂ ਜਨਾਂ, ਅਜਾਈਂ ਗਈਆਂ।

ਇਹ ਸਿੱਖ ਭਰਾ ਸਨ, ਜਿਹੜੇ ਨਕਲੀ ਨਿਰੰਕਾਰੀਆਂ ਦੀਆਂ ਗੋਲੀਆਂ ਦਾ ਨਿਸ਼ਾਨਾ ਬਣੇ :

੧. ਭਾਈ ਫ਼ੌਜਾ ਸਿੰਘ, ੨. ਬਾਬਾ ਦਰਸ਼ਨ ਸਿੰਘ, ੩. ਭਾਈ ਅਮਰੀਕ ਸਿੰਘ, ੪. ਭਾਈ ਧਰਮਬੀਰ ਸਿੰਘ, ੫. ਭਾਈ ਗੁਰਚਰਨ ਸਿੰਘ, ੬. ਭਾਈ ਗੁਰਦਿਆਲ ਸਿੰਘ, ੭. ਭਾਈ ਹਰਭਜਨ ਸਿੰਘ, ੮. ਭਾਈ ਕੇਵਲ ਸਿੰਘ, ੯. ਭਾਈ ਪਿਆਰਾ ਸਿੰਘ, ੧੦. ਭਾਈ ਰਘਬੀਰ ਸਿੰਘ, ੧੧. ਭਾਈ ਰਣਬੀਰ ਸਿੰਘ ਫ਼ੌਜੀ, ੧੨. ਗਿਆਨੀ ਹਰੀ ਸਿੰਘ, ੧੩. ਭਾਈ ਅਵਤਾਰ





ਸਿੰਘ ਕੁਰਾਲਾ।

ਸ਼੍ਰੋਮਣੀ ਕਮੇਟੀ ਤੇ ਸਿੰਘ ਸਾਹਿਬਾਨ ਦੇ ਕਹਿਣ 'ਤੇ ਨਿਰੰਕਾਰੀ ਭਵਨ ਬੰਦ ਕਰਨ ਦੇ ਸਰਕਾਰ ਵਲੋਂ ਹੁਕਮ ਹੋ ਗਏ, ਪਰ ਥੋੜ੍ਹੇ ਦਿਨਾਂ ਬਾਅਦ ਹੀ ਭਾਜਪਾ ਨੇਤਾਵਾਂ ਦੇ ਕਹਿਣ 'ਤੇ ਖੁਲ੍ਹਵਾ ਦਿੱਤੇ ਗਏ। ਇਹ ਸਾਡੀ ਅਕਾਲੀ ਸਰਕਾਰ ਦੀ ਕਮਜ਼ੋਰ ਨੀਤੀ ਦਾ ਪ੍ਰਗਟਾਵਾ ਸੀ।

ਅਦਾਲਤਾਂ ਦਾ ਹਾਲ ਵੇਖੋ, ਕਿ ਸਿੰਘ ਸ਼ਹੀਦ ਕਰ ਦਿੱਤੇ ਗਏ ਤੇ ਕਾਤਲ ਸਾਰੇ ਬਰੀ ਕਰ ਦਿੱਤੇ ਗਏ। ਸਮੇਂ ਦੀ ਸਰਕਾਰ ਨੇ ਅਦਾਲਤ ਦੇ ਇਸ ਫ਼ੈਸਲੇ ਵਿਰੁੱਧ ਉਪਰਲੀ ਅਦਾਲਤ ਵਿਚ ਅਪੀਲ ਵੀ ਨਾ ਪਾਈ। ਸਿੱਖ ਹਿਰਦੇ ਵਲੂੰਧਰੇ ਗਏ ਤੇ ਅੱਗੇ ਆਉਣ ਵਾਲੇ ਸਮੇਂ ਵਿਚ ਇਹ ਸੰਭਾਵੀ ਖਾੜਕੂਵਾਦ ਦਾ ਸੰਕੇਤ ਸੀ। ਕਈ ਨਕਲੀ ਨਿਰੰਕਾਰੀ, ਸਿੱਖ ਖਾੜਕੂਆਂ ਹੱਥੋਂ ਮਾਰੇ ਗਏ। ਪੰਜਾਬ ਦੀ ਫ਼ਿਰਕੂ ਪ੍ਰੈੱਸ ਨੇ ਨਕਲੀ ਨਿਰੰਕਾਰੀਆਂ ਦੀ ਪਿੱਠ ਠੋਕੀ। ਲਾਲਾ ਜਗਤ ਨਰਾਇਣ ਤੇ ਰਮੇਸ਼ ਕੁਮਾਰ 'ਹਿੰਦ ਸਮਾਚਾਰ ਗਰੁੱਪ' ਵਾਲੇ ਵੀ ਮਾਰ ਦਿੱਤੇ ਗਏ। ਸਿੱਖਾਂ 'ਤੇ ਵੀ ਕੇਂਦਰ ਤੇ ਸੂਬਾਈ ਹਕੂਮਤ ਵਲੋਂ ਜਬਰ ਦਾ ਹੜ੍ਹ ਲਿਆਂਦਾ ਗਿਆ। ਕੇਂਦਰ ਸਰਕਾਰ ਕਿਸੇ ਤਰ੍ਹਾਂ ਕੋਈ ਹੱਲ ਤੇ ਸਮਝੌਤਾ ਕਰਨ ਨੂੰ ਤਿਆਰ ਨਹੀਂ ਸੀ। ਇਸੇ ਲੜੀ ਵਿਚ ਜੂਨ ੧੯੮੪ ਵਿਚ ਸ੍ਰੀ ਦਰਬਾਰ ਸਾਹਿਬ ਸਮੂਹ 'ਤੇ ਫ਼ੌਜ ਦਾ ਹਮਲਾ ਤੇ ਉਸ ਤੋਂ ਬਾਅਦ ਸਿੱਖਾਂ 'ਤੇ ਕਹਿਰ ਕਸ਼ਟ ਦਾ ਹੀ ਸਮਾਂ ਰਿਹਾ।

ਪਰ ਸਾਰੇ ਕਾਸੇ ਦੀ ਬੁਨਿਆਦ ਦੀ ਵਜ੍ਹਾ ਸੀ ਨਕਲੀ ਨਿਰੰਕਾਰੀਆਂ ਵਲੋਂ ਸਿੱਖ ਧਰਮ




ਪ੍ਰਤੀ ਨਫ਼ਰਤ ਫ਼ੈਲਾਉਣਾ ਤੇ ਇਸ ਅਣਖੀਲੀ ਕੌਮ ਨੂੰ ਚਿੜਾਉਣਾ, ਫ਼ਿਰਕੂ ਪ੍ਰੈੱਸ ਵਲੋਂ ਉਨ੍ਹਾਂ ਦਾ ਸਾਥ ਦੇਣਾ ਤੇ ਕੇਂਦਰ ਸਰਕਾਰਾਂ ਦੀ ਸ਼ਹਿ। ਸਿੱਖ ਕੌਮ ਤੇ ਪੰਜਾਬ ਨੇ ਇਸ ਸੰਤਾਪ ਨੂੰ ਲੰਬਾ ਸਮਾਂ ਝੱਲਿਆ ਹੈ।

ਇਕ-ਪੱਖੀ ਇਤਿਹਾਸ ਲਿਖਣ ਵਾਲੇ, ਫ਼ਿਰਕੂ ਸੋਚ ਦੇ ਧਾਰਨੀ, ਸਿੱਖਾਂ ਨੂੰ ਹੀ ਕਸੂਰਵਾਰ ਦੱਸਦੇ ਰਹੇ ਹਨ- ਇਸ ਲਈ ੧੯੭੮ ਵਿਚ ਹੋਏ ਇਸ ਮੰਦਭਾਗੇ ਤੇ ਦੁਖਦਾਈ ਸਾਕੇ ਬਾਰੇ, ਅਸਲ ਸੱਚ ਕੀ ਹੈ ਤੇ ਸਾਰਾ ਕੁਝ ਉਨ੍ਹਾਂ ਹਾਜ਼ਰ ਸੱਜਣਾਂ ਦੀ ਜ਼ੁਬਾਨੀ ਹੀ ਦੱਸਣ ਦਾ ਉਪਰਾਲਾ ਕੀਤਾ ਹੈ। ਉਪਰੋਕਤ ਪੁਰਸ਼ਾਂ ਦੇ ਬਿਆਨਾਂ ਦੀ ਵੀਡੀਓ ਰਿਕਾਰਡਿੰਗ ਵੀ ਮੌਜੂਦ ਹੈ ਤਾਂ ਜੁ ਸੱਚ ਦੀ ਸ਼ਾਹਦੀ ਭਰੀ ਜਾ ਸਕੇ।

ਇਕ ਗੱਲ ਨਾ ਵਿਸਾਰੀਏ ਕਿ ਸ਼ਹੀਦ ਮਾਂ ਦੀ ਕੁੱਖ ਵਿਚ ਪੈਦਾ ਨਹੀਂ ਹੁੰਦੇ। ਜੇ ਇਸ ਤਰ੍ਹਾਂ ਹੋਵੇ ਤਾਂ ਮਾਂ ਨੂੰ ਗੋਲੀ ਮਾਰ ਕੇ ਉਹ ਕੁੱਖ ਤਾਂ ਖ਼ਾਲੀ ਹੋ ਸਕਦੀ ਹੈ। ਪਰ ਸ਼ਹੀਦ ਤਾਂ ਸਿਧਾਂਤ ਦੀ ਪਾਠਸ਼ਾਲਾ ਵਿਚ ਪੈਦਾ ਹੁੰਦੇ ਹਨ। ਕੌਮ ਦੀ ਗੋਦ ਤੇ ਗੁਰੂ ਦੀ ਗੋਦ ਨੂੰ ਨਾ ਤਾਂ ਗੋਲੀ ਖ਼ਾਲੀ ਕਰ ਸਕਦੀ ਹੈ ਤੇ ਨਾ ਹੀ ਟੈਂਕਾਂ ਦੇ ਗੋਲੇ। ਇਹ ਸਾਰੇ ਗੁਰਸਿੱਖ, ਆਪਣੇ ਗੁਰੂ ਦੇ ਨਾਂਅ 'ਤੇ ਸ਼ਹੀਦ ਹੋਏ ਹਨ ਤੇ ਸਾਰੀ ਕੌਮ ਇਨ੍ਹਾਂ ਸੂਰਬੀਰਾਂ ਦੀ ਹਮੇਸ਼ਾ ਲਈ ਰਿਣੀ ਰਹੇਗੀ। ਸਿੱਖ ਕੌਮ ਦੇ ਆਗੂਆਂ ਦਾ ਵਚਨਬੱਧ ਹੋਣਾ ਬਣਦਾ ਹੈ ਕਿ ਸਾਰੇ ਸਿੱਖ ਮਰਜੀਵੜਿਆਂ ਦੀ ਅਦੁੱਤੀ ਕੁਰਬਾਨੀ ਕਿਤੇ ਅਜਾਈਂ ਨਾ ਜਾਵੇ ਤੇ ਗੁਰੂ ਆਸ਼ੇ 'ਤੇ ਚੱਲੀਏ, ਫ਼ਿਰ ਅਕਾਲ ਪੁਰਖ ਆਪ ਬਹੁੜੀ ਕਰੇਗਾ।▪▪

# ਸਿੱਖਾਂ ਦੀ ਕੌਮੀ ਤਾਕਤ ਨੂੰ ਖੋਰਾ

ਵੰਗਾਰ ਬਿਊਰੋ

ਸਿੱਖ ਸ਼ਕਤੀ ਦਾ ਸਿਰਜਕ ਹੈ, ਪਰ ਅੱਜ ਸਿੱਖ ਕੌਮ ਜਿੰਨੀ ਸ਼ਕਤੀਹੀਣ ਜਾਪ ਰਹੀ ਹੈ, ਓਨੀ ਪਹਿਲਾਂ ਕਦੇ ਨਹੀਂ ਸੀ। ਸ਼ਾਇਦ ਸਾਨੂੰ ਸ਼ਕਤੀ ਦੇ ਅਰਥ ਸਮਝ ਨਹੀਂ ਆਏ। ਇਸ ਸੰਸਾਰ ਵਿਚ ਮਨੁੱਖਾਂ ਤੋਂ ਲੈ ਕੇ ਸਭ ਜੀਵ-ਜੰਤੂਆਂ ਨੂੰ ਕੁਦਰਤ ਨੇ ਆਪਣੀਆਂ ਅਹਿਮ ਸ਼ਕਤੀਆਂ ਦੇ ਕੇ ਨਿਵਾਜਿਆ ਹੈ। ਇਨ੍ਹਾਂ ਪ੍ਰਾਪਤ ਸ਼ਕਤੀਆਂ ਦਾ 'ਵਿਕਾਸ' ਕਰਨਾ ਜਾਂ 'ਵਿਨਾਸ਼' ਕਰਨਾ ਜੀਵ ਦੇ ਕਾਫ਼ੀ ਹੱਦ ਤੱਕ ਆਪਣੇ ਵੱਸ ਵਿਚ ਹੁੰਦਾ ਹੈ। ਅੱਜ ਤੱਕ ਜੋ ਵੀ ਇਸ ਮਨੁੱਖੀ ਸਮਝ ਵਿਚ ਤਾਕਤਵਰ ਪੁਰਖ ਹੋ ਗੁਜ਼ਰੇ ਹਨ, ਉਨ੍ਹਾਂ ਕੋਲ ਹੇਠ ਲਿਖੀਆਂ ਅੱਠ ਤਾਕਤਾਂ ਸਨ, ਚਾਹੇ ਉਹ ਬਲਸ਼ਾਲੀ ਮਹਾਂਪੁਰਖ ਸਨ ਜਾਂ ਚੱਕਰਵਰਤੀ ਰਾਜੇ। ਇਹ ਅੱਠ ਸ਼ਕਤੀਆਂ ਇਸ ਪ੍ਰਕਾਰ ਹਨ- ਸਰੀਰਕ, ਮਾਨਸਿਕ, ਆਤਮਿਕ, ਧਨ, ਰੁਤਬਾ (ਰਾਜਸੀ), ਸ਼ਸਤਰ, ਏਕਤਾ ਅਤੇ ਗਿਣਤੀ ਦੀ ਸ਼ਕਤੀ। ਉਪਰੋਕਤ ਅੱਠੇ ਸ਼ਕਤੀਆਂ ਪ੍ਰਾਪਤ ਕੌਮ ਕਦੀ ਗ਼ੁਲਾਮ ਹੋ ਹੀ ਨਹੀਂ ਸਕਦੀ।

ਸਿੱਖ ਸ਼ਕਤੀ ਦਾ ਸਿਰਜਕ ਹੈ, ਪਰ ਅੱਜ ਸਿੱਖ ਕੌਮ ਜਿੰਨੀ ਸ਼ਕਤੀਹੀਣ ਜਾਪ ਰਹੀ ਹੈ, ਓਨੀ ਪਹਿਲਾਂ ਕਦੇ ਨਹੀਂ ਸੀ। ਸ਼ਾਇਦ ਸਾਨੂੰ ਸ਼ਕਤੀ ਦੇ ਅਰਥ ਸਮਝ ਨਹੀਂ ਆਏ।

ਇਸ ਸੰਸਾਰ ਵਿਚ ਮਨੁੱਖਾਂ ਤੋਂ ਲੈ ਕੇ ਸਭ ਜੀਵ-ਜੰਤੂਆਂ ਨੂੰ ਕੁਦਰਤ ਨੇ ਆਪਣੀਆਂ ਅਹਿਮ ਸ਼ਕਤੀਆਂ ਦੇ ਕੇ ਨਿਵਾਜਿਆ ਹੈ। ਇਨ੍ਹਾਂ ਪ੍ਰਾਪਤ ਸ਼ਕਤੀਆਂ ਦਾ 'ਵਿਕਾਸ' ਕਰਨਾ ਜਾਂ 'ਵਿਨਾਸ਼' ਕਰਨਾ ਜੀਵ ਦੇ ਕਾਫ਼ੀ ਹੱਦ ਤੱਕ ਆਪਣੇ ਵੱਸ ਵਿਚ ਹੁੰਦਾ ਹੈ। ਅੱਜ ਤੱਕ ਜੋ ਵੀ ਇਸ ਮਨੁੱਖੀ ਸਮਝ ਵਿਚ ਤਾਕਤਵਰ ਪੁਰਖ ਹੋ ਗੁਜ਼ਰੇ ਹਨ, ਉਨ੍ਹਾਂ ਕੋਲ ਹੇਠ ਲਿਖੀਆਂ ਅੱਠ ਤਾਕਤਾਂ ਸਨ, ਚਾਹੇ ਉਹ ਬਲਸ਼ਾਲੀ ਮਹਾਂਪੁਰਖ ਸਨ ਜਾਂ ਚੱਕਰਵਰਤੀ ਰਾਜੇ। ਇਹ ਅੱਠ ਸ਼ਕਤੀਆਂ ਇਸ ਪ੍ਰਕਾਰ ਹਨ-

ਸਰੀਰਕ, ਮਾਨਸਿਕ, ਆਤਮਿਕ, ਧਨ, ਰੁਤਬਾ (ਰਾਜਸੀ), ਸ਼ਸਤਰ, ਏਕਤਾ ਅਤੇ ਗਿਣਤੀ ਦੀ ਸ਼ਕਤੀ।

## ਸਰੀਰਕ ਸ਼ਕਤੀ

ਪੰਜਾਬ ਦੀ ਧਰਤੀ ਤੇ ਜੰਮਪਲ ਗੱਭਰੂ ਆਮ ਤੌਰ 'ਤੇ ਚੰਗੇ ਕਾਠ-ਕੱਦ ਅਤੇ ਚੰਗੀ ਸਿਹਤ ਦੇ ਮਾਲਕ ਹੁੰਦੇ ਹਨ ਜੋ ਸੁਭਾਵਕ ਹੀ ਹੈ। ਸਿੱਖਾਂ ਦਾ ਹੋਮਲੈਂਡ ਪੰਜਾਬ ਹੋਣ ਕਾਰਨ ਸਿੱਖ ਸਰੀਰਕ ਬਣਾਵਟ ਵਲੋਂ ਕਿਸੇ ਤੋਂ ਪਿੱਛੇ ਨਹੀਂ, ਪਰ ਅਸਾਂ ਅਜੇ ਸਿਹਤ ਵਰਗੀ ਅਮੁੱਲ ਦਾਤ ਨੂੰ ਸਮਝਿਆ ਹੀ ਨਹੀਂ। ਇਕ ਸਰਵੇਖਣ ਅਨੁਸਾਰ ਪੰਜਾਬ ਦੇ ਬਠਿੰਡੇ ਜ਼ਿਲ੍ਹੇ ਵਿਚ ਏਸ਼ੀਆ ਦੀ ਸਭ ਤੋਂ ਵੱਧ ਸ਼ਰਾਬ ਵਿਕਦੀ ਹੈ। ਪੰਜਾਬ ਵਿਚ ਅੱਜ ਨਸ਼ਿਆਂ ਦਾ ਹੜ੍ਹ ਆਇਆ ਹੋਇਆ ਹੈ। ਸਰਕਾਰਾਂ ਸਾਡੀ ਜਵਾਨੀ ਨੂੰ ਨਸ਼ਿਆਂ ਦੇ ਹੜ੍ਹ ਵਿਚ ਰੋੜ੍ਹ ਦੇਣਾ ਚਾਹੁੰਦੀਆਂ ਹਨ ਤਾਂ ਇਸ ਹੜ੍ਹ ਵਿਚ ਛਾਲ਼ਾਂ ਮਾਰਨ ਵਾਲ਼ਿਆਂ ਨੂੰ ਵੀ ਬੇਦੋਸ਼ੇ ਨਹੀਂ ਮੰਨਿਆ ਜਾ ਸਕਦਾ। ਸੋ ਸਾਡੀ ਜਵਾਨ ਪੀੜ੍ਹੀ ਵਿਚੋਂ ਇਕ ਵੱਡੀ ਗਿਣਤੀ ਨੇ ਆਪਣੀ ਜਵਾਨੀ ਨਸ਼ਿਆਂ ਵਿਚ ਗਵਾ ਲਈ ਹੈ। ਮਾਪੇ ਹੋਰ ਨਸ਼ਿਆਂ ਦਾ ਵਿਰੋਧ ਤਾਂ ਕਰਦੇ ਹਨ, ਪਰ ਸ਼ਰਾਬ ਦਾ ਨਹੀਂ। ਪੰਜਾਬ ਦੇ ਸਮਾਜਿਕ ਜੀਵਨ ਵਿਚ ਸ਼ਰਾਬ ਇਕ ਜ਼ਰੂਰੀ ਫ਼ੈਸ਼ਨ ਦਾ ਅੰਗ ਬਣ ਗਈ ਹੈ। ਬਿਨਾਂ ਸ਼ਰਾਬ ਘਰ ਵਿਚ ਪ੍ਰਾਹੁਣਾਚਾਰੀ ਹੀ ਨਹੀਂ ਹੁੰਦੀ, ਜਦਕਿ ਸਭ ਜਾਣਦੇ ਹਨ ਕਿ ਸ਼ਰਾਬ ਕਿਸੇ ਵੀ ਦ੍ਰਿਸ਼ਟੀ ਨਾਲ ਠੀਕ ਨਹੀਂ। ਇਸ ਨੇ ਆਪਣੇ ਪੀਣ ਵਾਲਿਆਂ ਨੂੰ ਹਰ ਹਾਲਤ ਰਸਾਤਲ ਵਿਚ ਪਹੁੰਚਾਉਣਾ ਹੀ ਹੈ।

## ਮਾਨਸਿਕ ਸ਼ਕਤੀ

ਵਿੱਦਿਆ ਹੀ ਇਕ ਮਾਨਸਿਕ ਸ਼ਕਤੀ ਦੇ ਵਿਕਾਸ ਦਾ ਸਾਧਨ ਹੈ, ਪਰ ਅਸੀਂ ਵਿੱਦਿਆ ਦੇ ਖੇਤਰ ਵਿਚ ਵੀ ਕਈ ਸੂਬਿਆਂ ਤੋਂ ਪਿੱਛੇ ਹਾਂ, ਵਿਸ਼ੇਸ਼ ਕਰਕੇ ਕੇਰਲਾ ਅਤੇ ਬੰਗਾਲ ਸਾਥੋਂ ਕਿੰਨਾ ਅੱਗੇ ਹਨ। ਨਕਲ ਦਾ ਕੋਹੜ ਫੈਲਾਉਣ ਵਿਚ ਸਰਕਾਰਾਂ ਦਾ ਕੋਈ ਗੁਪਤ ਮਕਸਦ ਹੈ। ਸੋ ਸੁਭਾਵਕ ਹੈ ਕਿ ਅਸੀਂ ਮਾਨਸਿਕ ਸ਼ਕਤੀ ਦੇ ਹਥਿਆਰ ਵਲੋਂ ਵੀ ਪਿੱਛੇ ਹੀ ਹਾਂ। ਸ਼ਾਇਦ ਇਹੀ ਕਾਰਨ ਹੈ ਕਿ ਦੂਜੀਆਂ ਬੋਲੀਆਂ ਦੇ ਮੁਕਾਬਲੇ ਸਾਡੀ ਬੋਲੀ (ਗੁਰਮੁਖੀ) ਵਿਚ ਮਿਆਰੀ ਅਖ਼ਬਾਰਾਂ, ਰਸਾਲੇ, ਕਿਤਾਬਾਂ ਆਦਿ ਬਹੁਤ ਘੱਟ ਛਪਦੇ ਹਨ, ਕਿਉਂਕਿ ਉਨ੍ਹਾਂ ਦੇ ਪਾਠਕ ਬਹੁਤ ਘੱਟ ਹਨ ਜਾਂ ਸਾਨੂੰ ਪੜ੍ਹਨ ਦਾ ਸ਼ੌਕ ਹੀ ਨਹੀਂ। ਜਦ ਸਾਡੇ ਅੰਦਰ ਸੰਸਾਰ ਨੂੰ ਜਾਣਨ ਦੀ ਜਗਿਆਸਾ ਨਹੀਂ ਹੈ ਤਾਂ ਮਾਨਸਿਕ ਬਲ ਕਿੱਥੋਂ ਉਪਜੇਗਾ ?

## ਆਤਮਿਕ ਸ਼ਕਤੀ

ਇਹ ਸ਼ਕਤੀ ਕਿਸੇ ਹੱਦ ਤੱਕ ਧੁਰੋਂ ਵਿਰਾਸਤ ਵਿਚ ਮਿਲਦੀ ਹੈ, ਪਰ ਇਸ ਦਾ ਵਿਕਾਸ ਇਕ ਮਾਤਰ ਸਿਮਰਨ (ਪ੍ਰਭੂ ਚਿੰਤਨ) ਨਾਲ ਹੀ ਹੁੰਦਾ ਹੈ। ਸਿੱਖੀ ਦੇ ਮੂਲ ਤਿੰਨ ਅਸੂਲਾਂ ਵਿਚੋਂ 'ਨਾਮ ਜਪਣਾ' ਮੁੱਢਲਾ ਅਸੂਲ ਹੈ, ਭਾਵ ਸਿੱਖੀ ਹੈ ਹੀ ਨਾਮ ਜਪਣ ਦਾ ਨਾਂਅ। ਪਰ ਅੱਜ ਸਾਡੀ ਨੌਜਵਾਨ ਪੀੜ੍ਹੀ ਸਿਮਰਨ ਵਰਗੀ ਅਮੁੱਲ ਦਾਤ ਤੋਂ ਅਗਿਆਨਤਾ ਵੱਸ ਬੇਖ਼ਬਰ ਹੈ। ਸੱਚਾਈ ਇਹ ਹੈ ਕਿ ਸਿਮਰਨ ਹੀ ਬਾਕੀ ਸਾਰੀਆਂ ਸ਼ਕਤੀਆਂ ਦੇ ਵਿਕਾਸ ਵਿਚ ਸਹਾਈ ਹੁੰਦਾ ਹੈ। ਜੇਕਰ ਇੰਞ ਕਿਹਾ ਜਾਵੇ ਕਿ ਮਨੁੱਖੀ ਪ੍ਰਾਪਤੀਆਂ ਵਿਚ ਸਭ ਤੋਂ ਵੱਡਾ ਹੱਥ ਸਿਮਰਨ ਦਾ ਹੁੰਦਾ ਹੈ ਤਾਂ ਅਤਿਕਥਨੀ ਨਹੀਂ ਹੋਵੇਗੀ। ਪਰ ਅਸੀਂ ਅੱਜ ਸਭ ਤੋਂ ਜ਼ਿਆਦਾ ਸਿਮਰਨ ਵਿਹੂਣੇ ਹਾਂ, ਸੋ ਅਸੀਂ ਸ਼ਕਤੀ ਆਦਿ ਮੂਲ ਸਰੋਤ ਨਾਲੋਂ ਵੀ ਟੁੱਟੇ ਪਏ ਹਾਂ, ਜਦਕਿ ਇਹ ਦਾਤ ਸਾਨੂੰ ਸਿੱਖ ਹੋਣ ਦੇ ਨਾਤੇ ਗੁੜ੍ਹਤੀ ਵਿਚ ਮਿਲ਼ਣੀ ਚਾਹੀਦੀ ਸੀ।

## ਧਨ ਦੀ ਸ਼ਕਤੀ

ਵਰਤਮਾਨ ਕਾਲ ਵਿਚ ਸਿੱਖ ਧਨ ਦੇ ਮਾਮਲੇ ਵਿਚ ਆਤਮ-ਨਿਰਭਰ ਹਨ। ਉਸ ਦੇ ਹਿਸਾਬ ਨਾਲ ਸਿੱਖਾਂ ਦੀ ਮਾਲੀ ਹਾਲਤ ਬਹੁਤ ਚੰਗੀ ਹੈ; ਪਰ ਅੱਜ ਅਮੀਰ ਸਿੱਖ ਨੇ ਧਨ ਦੀ ਦੁਰਵਰਤੋਂ ਕੀਤੀ ਹੈ, ਜਿਸ

ਨਾਲ ਪਤਿਤਪੁਣਾ ਘਰਾਂ ਵਿਚ ਇਕ ਛੂਤ ਰੋਗ ਵਾਂਗ ਉੱਭਰ ਕੇ ਸਾਹਮਣੇ ਆਇਆ ਹੈ। ਚਾਹੀਦਾ ਤਾਂ ਇਹ ਸੀ ਕਿ ਧਨ ਦੀ ਵਰਤੋਂ ਗੁਰਮਤਿ ਦੇ ਪ੍ਰਚਾਰ ਲਈ ਕੀਤੀ ਜਾਂਦੀ। ਕੌਮ ਦੇ ਬਚਪਨ ਨੂੰ ਸੰਭਾਲਣ ਲਈ ਕੀਤੀ ਜਾਂਦੀ, ਕੌਮ ਦੀ ਜਵਾਨੀ ਨੂੰ ਸਮਰੱਥ ਬਣਾਉਣ ਲਈ ਕੀਤੀ ਜਾਂਦੀ, ਪਰ ਜ਼ਿਆਦਾ ਧਨ ਦੀ ਕੁਵਰਤੋਂ ਕਾਰਨ ਮਨਮਤਿ ਦਾ ਹੀ ਪਸਾਰਾ ਹੋਇਆ ਹੈ ਅਤੇ ਜ਼ਿਆਦਾ ਵਿਲਾਸਤਾ ਦਾ ਜੀਵਨ ਜੀਊਣ ਕਾਰਨ ਸਿੱਖ ਗਲਫ਼ਤ ਦੀ ਡੂੰਘੀ ਨੀਂਦ ਸੌਂ ਗਿਆ ਹੈ, ਹੁਣ ਉਸ ਦੇ ਸਾਹਮਣੇ ਸਵੈਮਾਣ ਨਾਂਅ ਦੀ ਕੋਈ ਚੀਜ਼ ਨਹੀਂ। ਜੇ ਕਿਤੇ ਅਮੀਰ ਸਿੱਖ ਧਨ ਦੀ ਵਰਤੋਂ ਕਰਦੇ ਤਾਂ ਕੌਮ ਜਾਗ੍ਰਿਤੀ ਵਿਚ ਸੰਘਰਸ਼ ਦੀਆਂ ਕਾਫ਼ੀ ਮੰਜ਼ਲਾਂ ਤੈਅ ਕਰ ਚੁੱਕੀ ਹੁੰਦੀ।

## ਰੁਤਬੇ ਦੀ ਸ਼ਕਤੀ (ਰਾਜਸੀ)

ਵਰਤਮਾਨ ਸਮੇਂ ਵਿਚ ਸਿੱਖਾਂ ਕੋਲ ਆਪਣੀ ਜਨਸੰਖਿਆ ਦੇ ਹਿਸਾਬ ਨਾਲ ਰੁਤਬਿਆਂ ਦੀ ਵੀ ਕੋਈ ਕਮੀ ਨਹੀਂ, ਪਰ ਕੁਝ ਅਪਵਾਦਾਂ ਨੂੰ ਛੱਡ ਕੇ ਸਿੱਖਾਂ ਨੇ ਇਸ ਦੀ ਅਗਿਆਨਤਾ-ਵੱਸ ਕੁਵਰਤੋਂ ਹੀ ਕੀਤੀ ਹੈ। ਸਮੇਂ ਦੀ ਸਰਕਾਰ ਨੇ ਰੁਤਬਿਆਂ ਦੀ ਮੰਡੀ ਲਾ ਕੇ ਇਹ ਸ਼ਰਤ ਰੱਖੀ ਹੋਈ ਹੈ ਕਿ ਰੁਤਬੇ ਉਨ੍ਹਾਂ ਸਿੱਖਾਂ ਨੂੰ ਹੀ ਮਾਣਨ ਦਿੱਤੇ ਜਾਣਗੇ, ਜਿਹੜੇ ਇਨ੍ਹਾਂ ਦੀ ਵਰਤੋਂ ਸਿੱਖੀ ਦੇ ਨਿਆਰੇਪਣ ਨੂੰ ਖ਼ਤਮ ਕਰਨ ਲਈ ਕਰਨਗੇ। ਸਰਕਾਰਾਂ ਨੂੰ ਇਸ ਮਕਸਦ ਲਈ ਬੜੇ ਬੇਗ਼ੈਰਤ ਅਤੇ ਵਿਕਾਊ ਸਿਰ ਪ੍ਰਾਪਤ ਵੀ ਹੋਏ ਹਨ, ਪਰ ਇਹ ਹਕੂਮਤ ਦੀ ਕੁਟਲਤਾ ਤੇ ਕਮੀਨਗੀ ਦੇ ਨਾਲ-ਨਾਲ ਸਾਡੀ ਕੌਮੀ ਕਮਜ਼ੋਰੀ ਨੂੰ ਵੀ ਜ਼ਾਹਰ ਕਰਦਾ ਵਰਤਾਰਾ ਹੈ ਕਿ ਅਸੀਂ ਸਿੱਖੀ ਸਿਧਾਂਤਾਂ ਨੂੰ ਸਮਰਪਿਤ ਧਿਰਾਂ ਦੀ ਤਾਕਤ ਬਣ ਕੇ ਸੱਤਾ 'ਤੇ ਕਬਜ਼ਾ ਨਹੀਂ ਕਰ ਸਕੇ। ਇਹ ਰੁਤਬੇ ਭਰਾ ਮਾਰੂ ਯੁੱਧ ਵਿਚ ਬਦਲੇ ਹਨ, ਸ਼ਾਂਤੀ ਜਾਂ ਪਿਆਰ ਮੁਹੱਬਤ ਵਿਚ ਨਹੀਂ। ਸੱਤਾ ਤੋਂ ਮਹਿਰੂਮ ਲੋਕੀਂ ਘਾਹੀਏ ਬਰਾਬਰ ਹੁੰਦੇ ਹਨ।

## ਸ਼ਸਤਰਾਂ ਦੀ ਸ਼ਕਤੀ

ਆਧੁਨਿਕ ਸਿੱਖ (ਨੌਜਵਾਨ) ਆਪਣੇ ਰਵਾਇਤੀ ਸ਼ਸਤਰਾਂ ਵਿਚ ਵਿਸ਼ਵਾਸ ਨਹੀਂ ਕਰਦਾ ਅਤੇ ਆਧੁਨਿਕ ਸ਼ਸਤਰ ਉਸ ਦੀ ਪਹੁੰਚ ਤੋਂ ਬਹੁਤ ਦੂਰ ਹਨ, ਉਨ੍ਹਾਂ ਨੂੰ ਪ੍ਰਾਪਤ ਕਰਨ ਵਿਚ ਕਈ ਕਾਨੂੰਨੀ ਅੜਚਣਾਂ ਹਨ, ਸੋ ਸਿੱਖ ਅੱਜ ਘਰ ਦਾ ਨਾ ਘਾਟ ਦਾ, ਬਿਲਕੁਲ ਹੀ ਨਿਰਬਲ ਹੈ। ਸ਼ਾਇਦ ਉਸ ਨੇ ਅਗਿਆਨਤਾ-ਵੱਸ ਆਪਣੇ ਗੁਰਦੇਵ ਜੀ ਦੇ ਹੁਕਮਾਂ 'ਤੇ ਧਿਆਨ ਹੀ ਨਹੀਂ ਦਿੱਤਾ:

**ਬਿਨਾ ਸ਼ਸ਼ਤ੍ਰ ਕੇਸੰ ਨਰੰ ਭੇਡ ਜਾਨੋ**
**ਗਹੈ ਕਾਨ ਤਾਂ ਕੋ ਕਿਤੈ ਲੈ ਸਿਧਾਨੋ ॥**
**ਇਹੈ ਮੋਰ ਆਗਿਆ ਸੁਨੋ ਹੇ ਪਿਆਰੇ ॥**
**ਬਿਨਾ ਤੇਗ ਕੇਸੰ ਦਿਵੋ ਨ ਦੀਦਾਰੇ ॥**

ਸ਼ਕਤੀ ਬੰਦੂਕ ਦੀ ਨਾਲੀ (ਤਲਵਾਰ ਦੀ ਧਾਰ) ਤੋਂ ਉਤਪੰਨ ਹੁੰਦੀ ਹੈ।

## ਏਕਤਾ ਦੀ ਸ਼ਕਤੀ

ਇਸ ਸ਼ਕਤੀ ਤੋਂ ਕੌਣ ਜਾਣੂ ਨਹੀਂ? ਇਹ ਸ਼ਕਤੀ ਹੀ ਕੌਮਾਂ ਦਾ ਜੀਵਨ ਹੈ। ਪਰ ਅਫ਼ਸੋਸ ਕਿ ਅੱਜ ਸਿੱਖ ਕੌਮ ਜਿੰਨੀ ਫੁੱਟ ਦਾ ਸ਼ਿਕਾਰ ਹੈ, ਓਨੀ ਕਦੇ ਪਹਿਲਾਂ ਨਹੀਂ ਸੀ। ਸੋ ਸੁਭਾਵਕ ਹੈ ਸਮੇਂ ਦੇ ਹੁਕਮਰਾਨ ਨੂੰ ਸਿੱਖਾਂ ਨੂੰ ਕੁਚਲਣ ਵਿਚ ਬਹੁਤ ਹੀ ਸੌਖ ਹੋ ਰਹੀ ਹੈ। ਇਹ ਗੱਲ ਵੀ ਨਹੀਂ ਕਿ ਸਿੱਖ ਏਕਤਾ ਦੀ ਮਹੱਤਤਾ ਤੋਂ ਅਨਜਾਣ ਹਨ। ਅਸਲ ਵਿਚ ਹਕੂਮਤ ਬਹੁਤ ਹੁਸ਼ਿਆਰ ਹੈ। ਉਹ 'ਪਾੜੋ ਅਤੇ ਰਾਜ ਕਰੋ' ਦੀ ਨੀਤੀ ਹਰ ਥਾਂ ਵਰਤ ਰਹੀ ਹੈ। ਅਜਿਹੀ ਗੱਲ ਵੀ ਨਹੀਂ ਕਿ ਸਿੱਖ ਇਸ ਨੂੰ ਸਮਝਦੇ ਨਹੀਂ, ਪਰ ਏਨੇ ਵੱਡੇ ਸਮੂਹ ਵਿਚੋਂ ਕੁਝ ਕੁ ਅਗਿਆਨਤਾ-ਵੱਸ ਰੁਤਬਿਆਂ, ਮਾਇਆ, ਸਵਾਰਥ ਅਤੇ ਲਾਲਚ ਵਿਚ ਕੌਮ ਦੀ ਪਿੱਠ ਵਿਚ ਛੁਰਾ ਮਾਰਨ ਲਈ ਤਿਆਰ ਹੋ ਹੀ ਜਾਂਦੇ ਹਨ ਅਤੇ ਕਈ ਮਜਬੂਰੀ, ਦਬਾਅ, ਡਰ ਅਤੇ ਝੂਠੇ ਪ੍ਰਾਪੇਗੰਡੇ ਦਾ ਸ਼ਿਕਾਰ ਹੋ ਜਾਂਦੇ ਹਨ।

ਫੁੱਟ ਦਾ ਦੂਸਰਾ ਮੂਲ ਕਾਰਨ ਨਿਸ਼ਾਨੇ ਦਾ ਇਕ ਨਾ ਹੋਣਾ ਹੈ। ਸਿਧਾਂਤਕ ਤੌਰ ਉੱਤੇ ਸਿੱਖਾਂ ਦਾ ਕੌਮੀ ਨਿਸ਼ਾਨਾ ਇਕ ਹੀ ਹੈ:

ਰਾਜ ਕਰੇਗਾ ਖਾਲਸਾ
ਆਕੀ ਰਹੈ ਨ ਕੋਇ॥

ਰਾਜ ਕਰਨ ਦਾ ਮਤਲਬ ਸੁਤੰਤਰ ਤੌਰ 'ਤੇ ਰਾਜ ਸ਼ਕਤੀ ਦੇ ਮਾਲਕ ਹੋਣਾ ਹੈ, ਕਿਸੇ ਹੋਰ ਦੀ ਬਣਾਈ ਹੋਈ 'ਮੁੱਖ ਧਾਰਾ' ਨੂੰ ਮੰਨ ਕੇ ਉਸ ਦੇ ਦਾਬੇ ਹੇਠ ਡਰ-ਡਰ ਕੇ ਸੱਤਾ ਭੋਗਣ ਨੂੰ ਰਾਜ ਕਰਨਾ ਨਹੀਂ ਕਿਹਾ ਜਾ ਸਕਦਾ, ਜਿਸ ਤਰ੍ਹਾਂ ਅੱਜ ਅਖੌਤੀ 'ਅਕਾਲੀ' ਦਾਅਵਾ ਕਰ ਰਹੇ ਹਨ। ਸਾਂਝੇ ਕੌਮੀ ਨਿਸ਼ਾਨੇ 'ਤੇ ਸਾਰੇ ਸਿੱਖ ਗਰੁੱਪਾਂ ਨੂੰ ਪਹਿਰਾ ਦੇਣਾ ਚਾਹੀਦਾ ਹੈ। ਜੇਕਰ ਨਿਸ਼ਾਨਾ ਇਕ ਹੋਵੇ ਤਾਂ ਪ੍ਰਾਪਤੀਆਂ ਦੇ ਸਾਧਨ ਕੋਈ ਵੀ ਹੋਣ ਫੁੱਟ ਪੈਣ ਦੀ ਸੰਭਾਵਨਾ ਬਹੁਤ ਹੀ ਘੱਟ ਹੁੰਦੀ ਹੈ।

ਕੌਮੀ ਤਾਕਤ ਦੇ ਖੇਰੂੰ-ਖੇਰੂੰ ਹੋਣ ਦੇ ਵੀ ਕਈ ਕਾਰਨ ਹਨ- ਕੁਝ ਲੋਕ ਸਿਰਫ਼ ਸਰੂਪ ਕਰ ਕੇ ਸਿੱਖ ਦਿਸਦੇ ਹਨ, ਪਰ ਅੰਦਰ ਸਿੱਖੀ ਦਾ ਬੀਜ ਵੀ ਨਹੀਂ, ਕਿਉਂਕਿ ਉਨ੍ਹਾਂ ਗੁਰਮਤਿ ਦਾ ਕਦੇ ਅਧਿਐਨ ਨਹੀਂ ਕੀਤਾ। ਦੂਜੇ ਉਹ ਹਨ, ਜਿਨ੍ਹਾਂ ਨੂੰ ਗਿਆਨ ਤਾਂ ਹੈ, ਪਰ ਆਪਣੇ ਗੁਰੂ ਤੇ ਸ਼ਰਧਾ ਅਤੇ ਵਿਸ਼ਵਾਸ ਨਹੀਂ। ਸ਼ਰਧਾ ਤੇ ਵਿਸ਼ਵਾਸ ਨਾ ਹੋਣ ਕਾਰਨ ਉਹ ਮੌਤ ਦੇ ਡਰ ਕਾਰਨ ਗਿਣਤੀਆਂ-ਮਿਣਤੀਆਂ ਦੀ ਚਰਚਾ ਤੱਕ ਹੀ ਸੀਮਤ ਰਹਿੰਦੇ ਹਨ। ਤੀਜੇ ਉਹ ਹਨ, ਜਿਨ੍ਹਾਂ ਕੋਲ਼ ਸ਼ਰਧਾ ਅਤੇ ਗਿਆਨ ਦੋਵੇਂ ਹਨ, ਬੱਸ ਉਹ ਹੀ ਅੱਜ ਕੇਵਲ ਤੇ ਕੇਵਲ ਗੁਰੂ ਆਸ਼ੇ ਅਨੁਸਾਰ ਨਿਸ਼ਾਨਾ ਮਿੱਥ ਕੇ ਸੰਘਰਸ਼ ਕਰ ਰਹੇ ਹਨ। ਸੋ ਵਿਚਾਰਾਂ ਅਤੇ ਆਚਾਰ-ਵਿਹਾਰ ਦੇ ਵਖਰੇਵੇਂ ਕਾਰਨ ਵੀ ਨਿਸ਼ਾਨੇ ਤੋਂ ਥਿੜਕਣਾ ਸੁਭਾਵਕ ਹੈ, ਸੋ ਭਾਵ ਇਹ ਹੈ ਕਿ ਹਮਖ਼ਿਆਲੀ ਮਨੁੱਖਾਂ ਦੇ ਸਮੂਹ ਵਿਚ ਏਕਤਾ ਦੀ ਬਰਕਤ ਵੇਖੀ ਜਾ ਸਕਦੀ ਹੈ।

ਫੁੱਟ ਦਾ ਤੀਜਾ ਮੁੱਖ ਕਾਰਨ ਸਮੇਂ-ਸਮੇਂ ਜਨਤਾ ਵਿਚੋਂ ਹੀ ਕੋਈ ਬਹੁ-ਪੱਖੀ ਪ੍ਰਤਿਭਾਸ਼ਾਲੀ ਮਨੁੱਖ ਸਮੇਂ ਦੀ ਕਸੌਟੀ 'ਤੇ ਖਰੇ ਉੱਤਰ ਕੇ ਲੋਕਾਂ ਦਾ ਮਨ ਜਿੱਤ ਲੈਂਦੇ ਹਨ ਅਤੇ ਸੱਚੇ ਅਰਥਾਂ ਵਿਚ ਅਗਵਾਈ ਕਰਦੇ ਹਨ। ਵਰਤਮਾਨ ਸਮੇਂ ਵਿਚ ਐਸੇ ਲੀਡਰ ਤਾਂ ਬਹੁਤ ਸਾਹਮਣੇ ਆਏ ਹਨ, ਪਰ ਦਿੱਲੀ ਦੀ ਹਕੂਮਤ ਨੇ ਜਾਲ ਵਿਛਾ ਕੇ ਉਨ੍ਹਾਂ ਨੂੰ ਉਭਰਨ ਤੋਂ ਪਹਿਲਾਂ ਹੀ ਸ਼ਹੀਦ ਕਰਵਾ ਦਿੱਤਾ ਹੈ ਤਾਂ ਕਿ ਸਿੱਖ ਨੇਤਾ ਵਿਹੀਨ ਹੀ ਭਟਕਣ। ਬੇਸ਼ੱਕ ਇਹ ਨੀਤੀ ਸਮੇਂ ਦੀਆਂ ਸਰਕਾਰਾਂ ਨੂੰ ਬਹੁਤ ਮਹਿੰਗੀ ਪੈਂਦੀ ਹੈ, ਕਿਉਂਕਿ ਨੇਤਾ ਵਿਹੀਨ ਬਿਖਰਵੀਂ ਫ਼ੌਜ ਜ਼ਿਆਦਾ ਖ਼ਤਰਨਾਕ ਹੁੰਦੀ ਹੈ ਬਜਾਇ ਅਨੁਸ਼ਾਸਤ ਫ਼ੌਜ ਦੇ।

## ਗਿਣਤੀ ਦੀ ਸ਼ਕਤੀ

ਵਰਤਮਾਨ ਸਮੇਂ ਵਿਚ ਵੋਟ ਦੇ ਮਹੱਤਵ ਨੂੰ ਕੌਣ ਨਹੀਂ ਜਾਣਦਾ? ਇਹ ਉਹ ਸ਼ਕਤੀ ਹੈ ਜੇਕਰ ਭਾਂਡੇ ਮਾਸ ਹੋਵੇ ਤਾਂ ਸ਼ੇਰਾਂ ਤੇ ਸ਼ਾਸਨ ਕੀਤਾ ਜਾ ਸਕਦਾ ਹੈ। ਅਗਿਆਨਤਾ-ਵੱਸ ਸਿੱਖਾਂ ਨੇ ਇਸ ਸ਼ਕਤੀ ਨੂੰ ਜਿੰਨਾ ਗਵਾਇਆ ਹੈ, ਸ਼ਾਇਦ ਹੀ ਕਿਸੇ ਹੋਰ ਕੌਮ ਨੇ ਆਪਣੇ ਨਾਲ਼ ਏਨੀ ਵੱਡੀ ਬੇਇਨਸਾਫ਼ੀ ਆਪਣੇ ਆਪ ਕੀਤੀ ਹੋਵੇ। ਹਰ ਦੂਜੇ ਪਰਿਵਾਰ ਨੂੰ ਪਤਿਤਪੁਣਾ ਖਾਈ ਜਾ ਰਿਹਾ ਹੈ। ਇੱਥੇ ਹੀ ਬੱਸ ਨਹੀਂ, ਗ਼ਫ਼ਲਤ ਦੀ ਗੂੜ੍ਹੀ ਨੀਂਦ ਏਨੇ ਸੁੱਤੇ ਪਏ ਹਾਂ ਕਿ ਆਪਣੀਆਂ ਜੜ੍ਹਾਂ ਆਪ ਹੀ ਵੱਢ ਰਹੇ ਹਾਂ, ਸਿਰਫ਼ ਵਿਲਾਸਤਾ ਦਾ ਜੀਵਨ ਜੀਊਣ ਦੀ ਲਾਲਸਾ ਅੰਦਰ ਆਪਣੀ ਕੌਮ ਦਾ ਗਲਾ ਸੰਤਾਨ ਸੰਜਮ ਦੇ ਨਾਂਅ 'ਤੇ ਘੁੱਟ ਰਹੇ ਹਾਂ, ਜੋ ਕਿ ਆਤਮ-ਹੱਤਿਆ ਕਰਨ ਦੇ ਤੁਲ ਹੈ। ਸੋ ਅਸੀਂ ਗਿਣਤੀ ਪੱਖੋਂ ਆਟੇ ਵਿਚ ਲੂਣ ਵੀ ਨਹੀਂ ਰਹੇ। ਉਪਰੋਕਤ ਵਿਚਾਰਾਂ ਦਾ ਭਾਵ ਜੇਕਰ ਅਸੀਂ ਇਨ੍ਹਾਂ ਸਾਰੀਆਂ ਤਾਕਤਾਂ ਦੇ ਵਸੀਲਿਆਂ ਨੂੰ ਪ੍ਰਾਪਤ ਕਰਨ ਦਾ ਨਿਸ਼ਾਨਾ ਮਿੱਥ ਲਈਏ ਤਾਂ ਕੋਈ ਕਾਰਨ ਨਹੀਂ ਕਿ ਆਜ਼ਾਦੀ ਸਾਡੇ ਕਦਮ ਨਾ ਚੁੰਮੇ। ਇਹ ਪੱਕੀ ਗੱਲ ਹੈ ਕਿ ਉਪਰੋਕਤ ਅੱਠੇ ਸ਼ਕਤੀਆਂ ਪ੍ਰਾਪਤ ਕੌਮ ਕਦੀ ਗ਼ੁਲਾਮ ਹੋ ਹੀ ਨਹੀਂ ਸਕਦੀ, ਤੇ ਜੇਕਰ ਗ਼ੁਲਾਮ ਹੋ ਚੁੱਕੀ ਕੌਮ ਇਹ ਤਾਕਤਾਂ ਆਪਣੇ ਅੰਦਰ ਪੈਦਾ ਕਰ ਲਵੇ ਤਾਂ ਉਹ ਬਹੁਤਾ ਸਮਾਂ ਗ਼ੁਲਾਮ ਨਹੀਂ ਰਹਿ ਸਕਦੀ।

# ਖ਼ਾਲਸਾਈ ਬੋਲਿਆਂ ਦਾ ਮਨੋਵਿਗਿਆਨਕ ਮਹੱਤਵ

ਖ਼ਾਲਸੇ ਦੇ ਬੋਲਿਆਂ ਨੂੰ ਆਮ ਤੌਰ 'ਤੇ ਨਿਹੰਗ ਸਿੰਘਾਂ ਦੇ ਬੋਲੇ ਕਿਹਾ ਜਾਂਦਾ ਹੈ, ਪਰ ਇਨ੍ਹਾਂ ਸਿੱਖ ਬੋਲਿਆਂ ਦਾ ਮਨੋਵਿਗਿਆਨਕ ਆਧਾਰ ਹੈ, ਜਿਸ 'ਤੇ ਚਾਨਣਾ ਪਾ ਰਿਹਾ ਹੈ ਇਹ ਲੇਖ।
-ਸੰਪਾਦਕ

ਪ੍ਰਿੰਸੀਪਲ ਨਰਿੰਦਰ ਸਿੰਘ ਸੋਚ

ਕਿਸੇ ਬੋਲੀ ਦੇ ਸ਼ਬਦ ਆਪਣੇ ਬੋਲਣ ਵਾਲਿਆਂ ਨਾਲੋਂ ਨਾ ਉੱਚੇ ਹੁੰਦੇ ਹਨ, ਨਾ ਨੀਵੇਂ। ਭਾਰਤ ਤੇ ਪਾਕਿਸਤਾਨ ਦੀ ਵੰਡ ਵੇਲੇ ਉੱਜੜੇ ਲੋਕਾਂ ਲਈ ਜਿਹੜੇ ਕੈਂਪ ਕਾਇਮ ਕੀਤੇ ਗਏ ਸਨ, ਉਨ੍ਹਾਂ ਸਬੰਧੀ ਗੁਪਤ ਰਿਪੋਰਟ ਕੋਈ ਮਾਣ ਵਧਾਉਣ ਵਾਲੀ ਨਹੀਂ ਸੀ, ਲੋਕਾਂ ਦੀ ਮਾਨਸਿਕ ਦਸ਼ਾ ਬਹੁਤ ਖ਼ਰਾਬ ਹੋ ਰਹੀ ਸੀ। ਇਸ ਕਰਕੇ ਫਿਰ ਇਨ੍ਹਾਂ ਨੂੰ ਛੇਤੀ ਤੋਂ ਛੇਤੀ ਬੰਦ ਕਰ ਦਿੱਤਾ ਗਿਆ। ਪਰ ਜਿਹੜੇ ਸਿੱਖ ਸਦੀਆਂ ਤੱਕ



ਉੱਜੜੇ ਰਹੇ, ਜਿਨ੍ਹਾਂ ਦਾ ਘਰ-ਘਾਟ ਬਰਬਾਦ ਕਰ ਦਿੱਤਾ ਗਿਆ, ਜਿਨ੍ਹਾਂ ਦੇ ਸਿਰ ਸਬਜ਼ੀ ਵਾਂਗ ਸਰਕਾਰੀ ਥਾਣਿਆਂ ਵਿਚ ਵਿਕਦੇ ਰਹੇ, ਉਨ੍ਹਾਂ ਨਰੋਏ ਪੰਜਾਬੀਆਂ ਨੇ, ਉਨ੍ਹਾਂ ਦੇ ਨਰੋਏ ਵਾਤਾਵਰਨ ਅਤੇ ਦ੍ਰਿਸ਼ਟੀਕੋਣਾਂ ਨੇ, ਉਨ੍ਹਾਂ ਦੇ ਭਰਵੇਂ ਪ੍ਰੇਰਕਾਂ ਅਤੇ ਆਦਰਸ਼ਾਂ ਨੇ ਪੰਜਾਬੀ ਬੋਲੀ ਨੂੰ ਨਵੇਂ ਅਰਥ ਦਿੱਤੇ, ਨਵੇਂ ਦ੍ਰਿਸ਼ਟੀਕੋਣ ਬਖ਼ਸ਼ੇ, ਨਵੇਂ ਤੇ ਕਰੜੇ ਵਿਅੰਗ ਦਿੱਤੇ, ਨਵੇਂ ਮੁਹਾਵਰੇ ਅਤੇ ਆਦਰਸ਼ ਦਿੱਤੇ। ਇਹ ਲੋਕ ਕਵੀ ਨਹੀਂ ਸਨ, ਪਰ ਜੋ ਕੁਝ ਵੀ ਇਨ੍ਹਾਂ ਨੇ ਪੰਜਾਬੀ ਭਾਸ਼ਾ ਨੂੰ ਦਿੱਤਾ, ਕਿਸੇ ਵੀ ਸੰਸਾਰ ਭਰ ਦੀ ਬੋਲੀ ਨੂੰ ਕੋਈ ਕਵੀ ਵੀ ਨਹੀਂ ਦੇ ਸਕਿਆ। ਕਈ ਸੱਜਣ ਇਨ੍ਹਾਂ 'ਖ਼ਾਲਸੇ ਦੇ ਬੋਲਿਆਂ' ਨੂੰ ਗੁਪਤ ਬੋਲੀ ਦੀ ਕਾਢ ਕਹਿੰਦੇ ਹਨ।

ਯਹੂਦੀਆਂ ਅਤੇ ਸਿੱਖਾਂ ਦੀਆਂ ਮੁਸੀਬਤਾਂ ਅਤੇ ਔਕੜਾਂ ਦੀ ਕਹਾਣੀ ਇਕੋ ਜਿਹੀ ਹੀ ਹੈ, ਬਰਬਾਦੀ ਦੇ ਪੱਧਰ ਵਿਚ ਵੀ ਕੋਈ ਫ਼ਰਕ ਨਹੀਂ ਹੈ, ਪਰ ਇਨ੍ਹਾਂ ਦੇ ਮਾਨਸਿਕ ਪੱਧਰ ਦਾ ਯਹੂਦੀਆਂ ਨਾਲ ਕੋਈ ਟਾਕਰਾ ਨਹੀਂ ਹੈ। ਮੁਸੀਬਤ ਨਿੱਕੀ ਹੈ ਕਿ ਵੱਡੀ ਹੈ, ਇਹ ਮਹਾਨ ਗੱਲ ਨਹੀਂ, ਮਹਾਨਤਾ ਤਾਂ ਇਸ ਵਿਚ ਹੈ ਕਿ ਮੁਸੀਬਤ ਵੇਲੇ ਸਾਡਾ ਵਤੀਰਾ ਕੀ ਹੁੰਦਾ ਹੈ? ਅਸੀਂ ਉਨ੍ਹਾਂ ਨੂੰ ਕਿਨ੍ਹਾਂ ਅਰਥਾਂ ਵਿਚ ਲੈਂਦੇ ਹਾਂ? ਹੇਠਾਂ ਕੁਝ ਸ਼ਬਦਾਂ ਦੇ ਝੌਲੇ ਮਾਤਰ ਪਛਵਾੜਾ ਦੇ ਕੇ ਅਸੀਂ ਦੱਸਣ ਦਾ ਯਤਨ ਕਰਾਂਗੇ ਕਿ ਇਨ੍ਹਾਂ ਦੇ ਰਚਣਹਾਰਾਂ ਦਾ ਮਾਨਸਿਕ ਪੱਧਰ ਕੀ ਸੀ? ਉਨ੍ਹਾਂ ਲਈ ਦੌਲਤ ਕੀ ਸੀ? ਖ਼ੁਰਾਕ ਦਾ ਕੀ ਅਰਥ ਸੀ? ਸੁੰਦਰਤਾ ਦੀ ਸੋਝੀ ਕੀ ਸੀ? ਉਨ੍ਹਾਂ ਦਾ ਹਾਸ-ਰਸ ਕਿਹੋ ਜਿਹਾ ਸੀ? ਇਹ ਸਾਰੀ ਸ਼ਬਦਾਵਲੀ ਸਿਰਫ਼ ਇਤਿਹਾਸ ਬਣ ਕੇ ਹੀ ਨਹੀਂ ਰਹਿ ਗਈ, ਇਹ ਇਤਿਹਾਸ ਅਤੇ ਮਨੋਵਿਗਿਆਨ ਦੋਹਾਂ ਦਾ ਸੁਮੇਲ ਹੈ।

ਪਰ ਮੁਗ਼ਲ ਰਾਜ ਦਾ ਸਮਾਂ ਆਪਣੇ ਕੱਦ-ਕਾਠ ਅਨੁਸਾਰ ਨਵੇਂ ਹਥਿਆਰਾਂ ਦੀ ਮੰਗ ਕਰਦਾ ਸੀ। ਖ਼ਾਲਸੇ ਦੇ ਗੜਗੱਜ ਬੋਲਿਆਂ ਵਿਚ ਲੂਲ੍ਹਾ-ਲੰਗੜੇ ਨੂੰ 'ਬੁੱਧ ਅਵਤਾਰ', ਸਾਨ੍ਹ ਨੂੰ 'ਭਰਥਰੀ', ਢਿੱਲੀ ਕੱਛ ਨੂੰ 'ਡੋਕਲ', ਭਗਵੇਂ ਕੱਪੜਿਆਂ ਵਾਲੇ ਨੂੰ 'ਗਿੱਦੜਰੰਗਾ' ਅਤੇ ਲੰਗੋਟੀ ਨੂੰ 'ਖਿਸਕੂ' ਕਹਿ ਕੇ ਸੱਦਿਆ ਹੈ।

ਮਹਾਤਮਾ ਬੁੱਧ ਦੀ ਨਿਰੀ ਅਹਿੰਸਾ ਨੇ ਭਾਰਤ ਨੂੰ ਸ਼ਸਤਰਧਾਰੀਆਂ ਤੋਂ ਸ਼ਸਤਰਹੀਣ ਕਰ ਦਿੱਤਾ। ਉਸ ਦਾ ਸਿੱਟਾ ਸਾਡਾ ਸਦੀਆਂ ਭਰ ਦੀ ਗ਼ੁਲਾਮੀ ਦਾ ਇਤਿਹਾਸ ਹੈ। ਬੁੱਧ ਨੂੰ 'ਲੂਲ੍ਹਾ' ਕਹਿਣਾ ਉਸ ਦੀ ਅਹਿੰਸਾ ਦੀ ਫ਼ਿਲਾਸਫ਼ੀ ਦਾ ਸੁੰਦਰ ਸੰਕੇਤ ਹੈ। ਭਰਥਰੀ ਨੂੰ ਹੀ ਨਹੀਂ, ਇਹ ਸ਼ਬਦ ਸਾਰੇ ਰਾਜਿਆਂ-ਮਹਾਰਾਜਿਆਂ 'ਤੇ ਚੋਟ ਹੈ। ਅਸੀਂ ਪਿਛੋਕੜ 'ਚ ਵੇਖੀਏ, ਰਾਜੇ-ਰਾਣੀਆਂ ਦੀ ਗਿਣਤੀ ਵੇਲੇ ਸੈਂਕੜਿਆਂ ਤੋਂ ਉਰ੍ਹੇ ਰੁਕਦਾ ਹੀ ਨਹੀਂ। ਕਿੰਨੀ ਇਸ ਇਕੱਲੇ ਸ਼ਬਦ ਵਿਚ ਘ੍ਰਿਣਾ ਹੈ। ਸ਼ਬਦਾਂ ਦੇ ਹਥਿਆਰਾਂ ਨੂੰ ਵਰਤਣਾ ਦੂਜੇ ਹਥਿਆਰਾਂ ਦੇ ਟਾਕਰੇ ਕਈ ਗੁਣਾ ਔਖਾ ਹੈ। ਜਿਸ ਦੇ ਕੱਪੜੇ ਹੀ ਢਿੱਲੇ ਹਨ, ਉਸ ਤੋਂ ਚੁਸਤੀ ਦੀ ਕੀ ਆਸ ਰੱਖ ਸਕਦੇ ਹੋ ? ਡੋਕਲ ਮੱਝਾਂ ਅਤੇ ਗਾਈਆਂ ਆਪਣੇ ਹਵਾਨੇ ਵਿਚ ਥੋੜ੍ਹਾ ਦੁੱਧ ਜਮ੍ਹਾਂ ਰੱਖਦੀਆਂ ਹਨ। ਇਸ ਇਕ ਸ਼ਬਦ ਨੇ ਪੰਜਾਬੀਆਂ ਦੀ ਪੁਸ਼ਾਕ ਨੂੰ ਚੁਸਤ ਕਰ ਦਿੱਤਾ ਹੈ। ਭਗਵੇਂ ਕੱਪੜੇ ਹੁਣ ਤੱਕ ਸਾਡੇ ਲਈ ਪੂਜਨੀਕ ਬਣੇ ਹੋਏ ਹਨ, ਪਰ ਇਨ੍ਹਾਂ ਨੂੰ 'ਗਿੱਦੜਰੰਗੇ' ਕਹਿਣਾ ਹੁਣ ਤੱਕ ਠੀਕ ਹੈ। ਗਿੱਦੜ ਹਮੇਸ਼ਾ ਕਿਸੇ ਦੇ ਮਾਰੇ ਸ਼ਿਕਾਰ ਨੂੰ ਖਾਂਦਾ ਹੈ, ਆਪ ਨਹੀਂ ਮਾਰਦਾ। ਖਾ-ਖਾ ਕੇ ਫਿੱਟ ਜਾਂਦਾ ਹੈ, ਪਰ ਆਪ ਮਿਹਨਤ ਨਹੀਂ ਕਰਦਾ। ਕੇਵਲ ਚਲਾਕੀਆਂ ਕਰਨਾ ਇਸ ਦਾ ਸੁਭਾਅ ਹੈ। ਸਾਰੇ ਪਾਖੰਡੀ ਸਾਧੂਆਂ ਨੂੰ 'ਗਿੱਦੜ' ਕਹਿ ਕੇ ਬਹਾਦਰਾਂ ਨੇ ਸਾਡੇ ਸਿਰ ਤੋਂ ਝੂਠੀ ਪਰੰਪਰਾ ਦਾ ਬੋਝ ਲਾਹ ਦਿੱਤਾ ਹੈ। ਲੰਗੋਟ ਦੀ ਗੰਢ ਖਿਸਕ ਜਾਣ ਵਾਲ਼ੀ ਹੁੰਦੀ ਹੈ, ਲੰਗੋਟ ਅਤੇ ਲੰਗੋਟਧਾਰੀ ਨੂੰ 'ਖਿਸਕੂ' ਕਹਿ ਕੇ ਉਨ੍ਹਾਂ ਦੀ ਬੁਜ਼ਦਿਲੀ ਨੂੰ ਨੰਗਾ ਕਰ ਦਿੱਤਾ ਗਿਆ ਹੈ।

ਖ਼ਾਲਸੇ ਦੇ ਇਨ੍ਹਾਂ ਗੜਗੱਜ ਬੋਲਿਆਂ ਰਾਹੀਂ ਨਗਾਰੇ ਦੀ ਚੋਟ ਨਾਲ ਸੱਚਾਈ ਦਾ ਪ੍ਰਚਾਰ ਕੀਤਾ ਹੈ। ਕਿਸੇ ਉਦੇਸ਼ ਲਈ ਮਰ ਮਿਟਣ ਵਾਲੇ, ਮੁਸੀਬਤਾਂ ਦਾ ਹੱਸ-ਹੱਸ ਕੇ ਟਾਕਰਾ ਕਰਨ ਵਾਲ਼ੇ ਬੜੇ ਥੋੜ੍ਹੇ ਹੁੰਦੇ ਹਨ, ਉਨ੍ਹਾਂ ਦੀ ਗਿਣਤੀ ਨਾ ਲੱਖਾਂ ਵਿਚ ਅਤੇ ਨਾ ਹੀ ਕਰੋੜਾਂ ਵਿਚ ਹੁੰਦੀ ਹੈ, ਇਹ ਪੋਟਿਆਂ ਉੱਪਰ ਗਿਣੇ ਜਾਣ ਜੋਗੇ ਹੀ ਹੁੰਦੇ ਹਨ। ਇਨ੍ਹਾਂ 'ਬੋਲਿਆਂ' ਵਿਚ ਬਿਨਾਂ ਬਹਾਦਰਾਂ ਤੋਂ ਬਾਕੀ ਸਭ ਨੂੰ 'ਚੁਰਾਸੀ' ਕਿਹਾ ਜਾਂਦਾ ਸੀ। ਮੁਸੀਬਤ ਵੇਲੇ ਕਦੇ ਕੋਈ ਕੀੜਿਆਂ-ਮਕੌੜਿਆਂ ਜਾਂ ਪਸ਼ੂ-ਪੰਛੀਆਂ ਉੱਤੇ ਗਿਲਾ ਨਹੀਂ ਕਰਦਾ। ਇਸ ਲਈ ਸੂਰਮਾ ਮਨੁੱਖ, ਭੀੜਾਂ ਅੱਗੇ ਬਿਨਾਂ ਸ਼ਿਕਾਇਤ ਕਰਨ ਤੋਂ ਆਪਣੀ ਜਾਨ 'ਤੇ ਖੇਡ ਜਾਂਦਾ ਹੈ, ਕਿਉਂਕਿ ਉਹ ਆਪ ਮਨੁੱਖ ਹੈ, ਪਰ ਬਾਕੀ ਸਭ ਚੁਰਾਸੀ।

ਕਹਿੰਦੇ ਹਨ, 'ਮੌਤੋਂ ਭੁੱਖ ਬੁਰੀ'। ਹੋਵੇਗੀ, ਪਰ ਸਿੰਘਾਂ ਲਈ ਨਹੀਂ। ਇਨ੍ਹਾਂ ਨੂੰ ਜਿਸ ਦਿਨ ਰੋਟੀ ਨਾ ਮਿਲ਼ੇ, ਇਨ੍ਹਾਂ ਦਾ ਲੰਗਰ ਮਸਤਾਨਾ, ਮਸਤੀ ਨਾਲ਼ ਭਰਿਆ ਹੁੰਦਾ ਹੈ। ਇਨ੍ਹਾਂ ਲਈ ਹੋਲਾਂ, 'ਇਲਾਚੀਆਂ' ਹਨ, ਬੇਰ 'ਖੁਰਮਾਨੀਆਂ' ਹਨ, ਸੇਊ ਬੇਰ 'ਸੇਬ' ਹਨ, ਹਲਦੀ 'ਕੇਸਰ' ਹੈ, ਫਲਾਹ ਦੀਆਂ ਫਲੀਆਂ ਜਾਂ ਕਿੱਕਰ ਦੇ ਤੁੱਕੇ 'ਜਲੇਬੀਆਂ' ਹਨ, ਬ੍ਰਿਛਾਂ ਦੇ ਪੱਤੇ 'ਪੂਰੀਆਂ' ਹਨ, ਭੁੱਜੇ ਹੋਏ ਛੋਲੇ 'ਬਦਾਮ' ਹਨ। ਸਾਗ-ਸਬਜ਼ੀ 'ਪੁਲਾਅ' ਹੈ, ਬਤਾਊਂ 'ਇਕ-ਟੰਗਾ ਬਟੇਰਾ' ਹੈ, ਗੋਂਗਲੂ 'ਭੁਇ ਸੂਰ' ਹਨ, ਲੂਣ ਇਨ੍ਹਾਂ ਲਈ 'ਸਰਬ ਰਸ' ਹੈ। ਇਹ ਧਰਤੀ ਦੇ ਸੱਚੇ ਫ਼ੌਜੀ ਸਾਧਾਰਨ ਅਨਾਜਾਂ ਦੇ ਚੰਗੇ ਨਾਂਅ ਰੱਖ ਕੇ ਪ੍ਰਸੰਨ ਹੋ ਜਾਂਦੇ ਹਨ। ਇਹ ਖੁਰਾਕ ਦੇ ਘਾਟੇ ਨੂੰ ਕਲਪਨਾ ਦੀ ਅੰਨਪੂਰਨਾ ਨਾਲ ਦੂਰ ਕਰ ਲੈਂਦੇ ਹਨ। ਇਹ ਬੇ-ਸ਼ਿਕਾਇਤ ਮਰਜੀਵੜੇ ਅਜਿਹਾ ਸ਼ਬਦ-ਭੰਡਾਰ ਦੇ ਗਏ ਹਨ, ਜਿਨ੍ਹਾਂ ਰਾਹੀਂ ਸ਼ਿਕਾਇਤੀ ਟੱਟੂ ਆਪਣਾ ਕਲਪਿਤ ਬੋਝ ਲਾਹ ਕੇ ਸੁੱਟ ਸਕਦੇ ਹਨ।

ਮਨੁੱਖ ਦੀ ਜ਼ਿੰਦਗੀ ਵਿਚ ਜਿੰਨੀਆਂ ਵਿੱਥਾਂ ਅਤੇ ਘਾਟੇ ਕਲਪਨਾ ਦੂਰ ਕਰਦੀ ਹੈ ਅਤੇ ਭਰਦੀ ਹੈ, ਓਨੇ ਖੱਪੇ ਸੁਪਨੇ ਵੀ ਨਹੀਂ ਭਰਦੇ। ਕੇਸਰ ਅਤੇ ਹਲਦੀ ਦਾ ਰੰਗ ਇਕੋ ਹੈ, ਜੋ ਗੁਣਾਂ ਦਾ ਫ਼ਰਕ ਸੀ, ਉਹ ਕਲਪਨਾ ਰਾਹੀਂ ਪੂਰਾ ਕਰ ਲਿਆ ਗਿਆ ਹੈ। ਕੱਦ-ਕਾਠ ਵਿਚ ਬਤਾਊਂ, ਬਟੇਰੇ ਨਾਲੋਂ ਵੱਡਾ ਹੈ, ਇਕ-ਟੰਗਾ ਕਹਿ ਕੇ ਜਿੱਥੇ ਉਸ ਦੀ ਇਕ ਡੰਡੀ ਦੱਸ ਕੇ ਉਸ ਨੂੰ ਸੱਚਮੁੱਚ ਦੇ ਬਟੇਰੇ ਨਾਲੋਂ ਵੱਖ ਕੀਤਾ ਹੈ, ਓਥੇ ਨਾਲ਼ ਓਨਾ ਕੁ ਹਾਸਾ ਪੈਦਾ ਕਰ ਦਿੱਤਾ ਹੈ, ਜੋ ਬਤਾਊਂ ਨੂੰ ਤਾਕਤ ਦੇ ਖ਼ਿਆਲ ਤੋਂ ਸੱਚਮੁੱਚ ਬਟੇਰਾ ਸਾਬਤ ਕਰ ਦੇਵੇ।

ਇਹ ਕੁੱਲੀ, ਜੁੱਲੀ ਅਤੇ ਗੁੱਲੀ ਦੇ ਚੱਕਰ ਵਿਚ ਸਾਰੀ ਦੁਨੀਆ ਫਸੀ ਪਈ ਹੈ ਅਤੇ ਇਹ ਤਿੰਨ ਚੀਜ਼ਾਂ ਸਾਡੀਆਂ ਮੁੱਢਲੀਆਂ ਲੋੜਾਂ ਹਨ। ਬੀਕਾਨੇਰ ਦੀ ਬਰਾਬਰ ਉਜਾੜ ਵਿਚ ਇਨ੍ਹਾਂ ਕੋਲ ਸਿਰ ਲੁਕਾਉਣ ਲਈ ਕੋਈ ਥਾਂ ਨਹੀਂ ਸੀ। ਕੜਕਦੀਆਂ ਧੁੱਪਾਂ, ਸਾੜਵੀਆਂ ਲੂਆਂ ਅਤੇ ਮੋਹਲੇਧਾਰ ਮੀਂਹਾਂ ਵਿਚ ਉਨ੍ਹਾਂ ਦੇ ਦੋ ਸ਼ਾਨਦਾਰ ਨਿਵਾਸ ਸਥਾਨ ਹਨ, ਸਬਜ਼ ਮੰਦਰ (ਬ੍ਰਿਛਾਂ ਦੀ ਛਾਂ) ਅਤੇ ਸ਼ੀਸ਼ ਮਹੱਲ (ਟੁੱਟੀ ਹੋਈ ਕੁੱਲੀ)। ਇਸ ਤਰ੍ਹਾਂ ਇਕ ਨਿੱਕੀ ਜਿਹੀ ਕੌਮ ਲੋਹ ਵਾਂਗ ਤਪਦੇ ਥਲਾਂ ਵਿਚ ਰਾਜ ਮਾਣਦੀ ਹੈ। ਇਕ ਉਨ੍ਹਾਂ ਨੂੰ ਤਕਲੀਫ਼ ਜ਼ਰੂਰ ਹੈ, ਲਗਭਗ ਰੋਜ਼ ਹੀ ਭੂਤਨੀ (ਹਨੇਰੀ) ਆ ਕੇ ਛੇੜਖਾਨੀਆਂ ਕਰਦੀ ਰਹਿੰਦੀ ਹੈ। ਕੁੱਲੀ ਦੇ ਕੱਖ ਉਡਾ ਕੇ ਲੈ ਜਾਂਦੀ ਹੈ ਅਤੇ ਕਦੇ-ਕਦੇ ਉੱਚੇ ਲੰਮੇ ਸਬਜ਼ ਮੰਦਰ ਨੂੰ ਨੀਹਾਂ ਤੋਂ ਉਖਾੜ ਕੇ ਵਗਾਹ ਮਾਰਦੀ ਹੈ। 'ਭੂਤਨੀ' ਉਨ੍ਹਾਂ ਦਾ ਪਿਆਰ ਨਾਲ ਸੱਦਿਆ ਨਾਂਅ ਹੈ।

ਉਨ੍ਹਾਂ ਆਪਣੇ ਗੁਰੂ ਲਈ ਇਕ ਨਵਾਂ ਸ਼ਬਦ ਘੜਿਆ ਹੈ; ਅੰਗ-ਸੰਗ। ਅੰਗਾਂ ਵਾਂਗ ਨਾਲ ਰਹਿਣ ਵਾਲ਼ਾ, ਅੰਗਾਂ ਵਾਂਗ ਵਰਤਣਯੋਗ, ਸਾਡਾ ਜ਼ਰੂਰੀ ਹਿੱਸਾ। ਸ਼ਾਇਦ ਇਹ ਸ਼ਬਦ ਸ੍ਰੀ ਦਸਮੇਸ਼ ਜੀ ਦੇ 'ਖਾਲਸੇ ਮਹਿ ਹਉ ਕਰਉ ਨਿਵਾਸ' ਤੋਂ ਪ੍ਰੇਰਨਾ ਲੈ ਕੇ ਬਣਾਇਆ ਹੈ। ਦੁੱਖ-ਦਾਰੂ ਨੂੰ ਮੁੱਖ ਰੱਖ ਕੇ ਉਨ੍ਹਾਂ ਨੇ ਮੁਸੀਬਤ ਦਾ ਨਾਂਅ 'ਸੁਰਗ' ਰੱਖਿਆ ਹੈ। ਕੈਦ ਵੱਡੇ-ਵੱਡੇ ਫੰਨੇ ਖ਼ਾਂ ਦੇ ਕੰਨ ਢਿੱਲੇ ਕਰ ਦਿੰਦੀ ਹੈ, ਪਰ ਇਨ੍ਹਾਂ ਨੇ ਕੈਦਖਾਨੇ ਦਾ ਨਾਂਅ 'ਆਕੀ ਹੋਣਾ' ਰੱਖ ਦਿੱਤਾ ਹੈ। ਠੀਕ ਹੈ, ਕਾਨੂੰਨ ਦੇ ਰਾਖਿਆਂ ਦੇ ਕੋਲ ਰਹਿ, ਜਿੱਥੇ ਕਾਨੂੰਨ ਤੋੜਨ ਵਾਲਿਆਂ ਨੂੰ ਸਿੱਧਾ ਕੀਤਾ ਜਾਂਦਾ ਹੈ, ਆਕੀ ਹੋ ਕੇ ਦੱਸੇ। ਸ਼ਹੀਦ ਗੰਜ ਦੀਆਂ ਇੱਟਾਂ ਗਵਾਹ ਹਨ ਕਿ ਕੈਦਖਾਨੇ ਦਾ ਅਰਥ 'ਆਕੀ ਹੋਣਾ' ਹੀ ਰਿਹਾ ਹੈ।

ਲੇਟਣ ਦਾ ਨਾਂਅ ਇਨ੍ਹਾਂ ਟੇਢਾ ਗਿਆਨ ਰੱਖਿਆ ਹੈ, ਨਿੱਕੇ-ਨਿੱਕੇ ਤੇ ਟੁੱਟੇ ਹੋਏ ਤੰਬੂਆਂ ਵਿਚ ਸਾਰਿਆਂ ਦਾ ਘੁਸੜ-ਘੁਸੜ ਕੇ ਰਾਤ ਕੱਟਣਾ ਅਤੇ ਕਹਿਣਾ ਥਾਂ ਭੀੜਾ ਨਹੀਂ ਹੁੰਦਾ, ਦਿਲ ਭੀੜਾ ਹੁੰਦਾ ਹੈ। ਆਪਣੇ ਆਰਾਮ ਲਈ ਗਿਆਨ ਪ੍ਰਾਪਤ ਕਰਨਾ ਸਿੱਧਾ ਗਿਆਨ ਹੈ, ਪਰ ਦੂਜਿਆਂ ਨੂੰ ਸੁਖੀ ਰੱਖਣਾ ਤੇ ਆਪ ਗੁੱਛਾ-ਮੁੱਛਾ ਹੋ ਕੇ ਸਮਾਂ ਬਿਤਾਉਣਾ ਬੜਾ ਟੇਢਾ ਗਿਆਨ ਹੈ। 'ਚੁਰਾਸੀ' ਲਈ ਚਿਖਾ ਹੈ, ਪਰ ਇਨ੍ਹਾਂ ਦਾ ਅੰਗੀਠਾ ਹੈ, ਜਿਨ੍ਹਾਂ ਨੂੰ ਜੀਵਨ ਭਰ ਪਾਲਾ ਠਾਰਦਾ ਰਿਹਾ ਹੈ, ਉਹ ਚਿਖਾ 'ਤੇ ਪੈ ਕੇ ਰੱਜ ਕੇ ਅੱਗ ਸੇਕਣਗੇ। ਸਰੀਰ ਨੂੰ ਇਕ ਵਾਰ ਤੇ ਪੂਰਾ ਨਿੱਘ ਮਿਲੇ। ਇਨ੍ਹਾਂ ਦੀ ਮੌਤ ਤੇ ਹੁੰਦੀ ਹੀ ਨਹੀਂ, ਇਹ ਚੜ੍ਹਾਈ ਕਰਦੇ ਹਨ। ਮੌਤ ਇਨ੍ਹਾਂ 'ਤੇ ਨਹੀਂ, ਇਹ ਮੌਤ ਉੱਪਰ ਹਮਲਾ ਕਰਦੇ ਹਨ।

ਅਨਹਦ ਨਾਦ ਇਨ੍ਹਾਂ ਦੇ ਘੁਰਾੜੇ ਹਨ, ਇਨ੍ਹਾਂ ਦਾ ਅਨਹਦ ਨਾਦ ਇਹੋ ਜਿਹਾ ਹੈ, ਜਿਹੜਾ ਆਪਣੇ ਆਪ ਨਾਲੋਂ ਬਹੁਤਾ ਗੁਆਂਢੀਆਂ ਨੂੰ ਸੁਣਦਾ ਹੈ। ਗੁਰੂ ਨਾਨਕ ਸਾਹਿਬ ਜੀ ਨੇ ਵੀ ਜੋਗੀਆਂ ਨੂੰ ਸੁੱਤਾ ਆਖਿਆ ਸੀ, ਚੁਫ਼ੇਰੇ ਵਲੋਂ ਅਚੇਤਨ। ਯੋਗੀਆਂ ਦੇ ਨਾਦ ਨੂੰ ਘੁਰਾੜੇ ਕਹਿਣਾ ਜਿੱਥੇ ਹਾਸ-ਰਸ ਭਰਪੂਰ ਹੈ, ਓਥੇ ਉਨ੍ਹਾਂ ਦੀ ਸਾਰ-ਹੀਣ ਫ਼ਿਲਾਸਫ਼ੀ ਦੀ ਤੁੱਛਤਾ ਵੀ ਪ੍ਰਗਟ ਕਰਦਾ ਹੈ। ਡੂੰਘੀ ਨੀਂਦਰ ਇਨ੍ਹਾਂ ਲਈ 'ਸੁਰਗਵਾਸ' ਹੈ।

ਹਮੇਸ਼ਾ ਤਿਆਰ-ਬਰ-ਤਿਆਰ ਅਤੇ ਸਜੇ ਸਜਾਏ ਰਹਿਣਾ, ਇਨ੍ਹਾਂ ਦਾ ਸਿਮਰਨ ਹੈ। ਇਸੇ ਕਰਕੇ ਇਨ੍ਹਾਂ ਦਾ ਮਰੀਅਲ ਟੱਟੂ ਵੀ ਅਥੱਕ ਹੈ, ਸਾਰੇ ਆਦਮੀ ਆਪਣੀ ਜੁੱਤੀ ਨੂੰ ਪੈਰਾਂ ਵਿਚ ਪਾ ਕੇ ਚੁੱਕੀ ਫਿਰਦੇ ਹਨ, ਪਰ ਇਨ੍ਹਾਂ ਦੀ ਅਣਥੱਕ ਸਵਾਰੀ ਜੁੱਤੀ ਹੈ, ਜੁੱਤੀ ਇਨ੍ਹਾਂ ਨੂੰ ਚੁੱਕੀ

ਫਿਰਦੀ ਹੈ। ਸੌ-ਸੌ ਕੋਹਾਂ ਦਾ ਇਹ ਪੰਧ ਨਹੀਂ ਮਾਰਦੇ, ਇਨ੍ਹਾਂ ਦੀ ਅਣਥੱਕ ਸਵਾਰੀ (ਜੁੱਤੀ) ਕਰਦੀ ਹੈ।

ਲੋਕਾਂ ਲਈ 'ਕਹੀ' ਆਂਦਰਾਂ ਬਾਹਰ ਕੱਢ ਲੈਣ ਵਾਲਾ ਹਥਿਆਰ ਹੈ, ਪਰ ਇਨ੍ਹਾਂ ਲਈ ਇਹ 'ਪਤਾਲ-ਮੋਚਨੀ' ਹੈ। ਪਤਾਲ-ਮੋਚਨੀ, ਕਪਾਲ-ਮੋਚਨ ਨਾਲੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ। ਖੂਹ ਪੁੱਟਣੇ, ਨਹਿਰਾਂ ਕੱਢਣੀਆਂ, ਖ਼ਾਲ ਬਣਾਉਣਾ, ਕਹੀ ਦਾ ਕੰਮ ਹੈ। ਕਹੀ ਸਾਡਾ ਭਾਰਤ ਵਾਸੀਆਂ ਦਾ ਤੀਰਥ ਹੈ, ਦੇਵਤਾ ਹੈ। ਸਾਡੀ ਹਰ ਉਸਾਰੀ ਵਿਚ ਬਹੁਤਾ ਭਾਗ 'ਕਹੀ' ਦਾ ਹੈ। ਸਾਰੇ ਕਿਸਾਨਾਂ ਲਈ ਦਾਤਰੀ ਬੱਸ ਦਾਤਰੀ ਹੈ, ਪਰ ਇਨ੍ਹਾਂ ਦੇ ਹੱਥ ਵਿਚ ਆ ਕੇ ਇਹ 'ਕੁਹੀ' ਬਣ ਜਾਂਦੀ ਹੈ, ਸ਼ਿਕਾਰਨ। ਇਹ ਪੰਜਾਬ ਦੇ 'ਵਾਢੇ', ਵਾਢੀਆਂ ਨਹੀਂ ਕਰਦੇ। ਇਹ ਸ਼ਿਕਾਰੀ ਕੁਹੀ ਦੇ ਮਗਰ-ਮਗਰ ਤੁਰੇ ਜਾਂਦੇ ਹਨ ਤੇ ਕੀਤਾ ਹੋਇਆ ਸ਼ਿਕਾਰ ਇਕੱਠਾ ਕਰਕੇ ਜਾਂਦੇ ਹਨ, ਦਾਤਰੀ (ਕੁਹੀ) ਸ਼ਿਕਾਰ ਕਰਕੇ ਪਿਛਾਂਹ ਸੁੱਟੀ ਜਾਂਦੀ ਹੈ। ਪਰਸ ਰਾਮ ਇਨ੍ਹਾਂ ਦਾ ਕੁਹਾੜਾ ਹੈ। ਘੋੜਿਆਂ ਦੀਆਂ ਕਾਠੀਆਂ ਇਨ੍ਹਾਂ ਦੇ ਆਰਾਮ ਕਰਨ ਵਾਲ਼ੇ ਮੰਜੇ ਹਨ ਅਤੇ ਇਨ੍ਹਾਂ ਲਈ ਮੰਜਿਆਂ ਦਾ ਨਾਂਅ ਕੋਤਲ ਹੈ। ਮੰਜਿਆਂ ਦੇ ਉੱਚੇ ਪਾਵਿਆਂ ਨੂੰ ਇਹ ਕੋਤਲ, ਘੋੜੇ ਦੇ ਤਣੇ ਹੋਏ ਕੰਨ ਸਮਝਦੇ ਹਨ। ਕਿੰਨਾ ਕਮਾਲ ਦਾ ਪ੍ਰਤੱਖ ਕਰਨ ਹੈ। ਵਿਛਾਈ ਨੂੰ ਇਹ ਕੋਤਲ-ਕਸ ਸੱਦਦੇ ਹਨ, ਇਨ੍ਹਾਂ ਦਾ ਵਿਛਾਉਣਾ ਨਹੀਂ, ਘੋੜੇ ਉੱਪਰ ਕੱਸੀ ਹੋਈ ਜੀਨ ਹੈ। ਇਸੇ ਲਈ ਇਹ ਸ਼ਮਸ਼ੀਰ ਹੱਥ ਵਿਚ ਰੱਖ ਕੇ ਸੌਂਦੇ ਹਨ, ਅਰਦਾਸ ਕਰਨ ਵੇਲੇ ਇਹ ਸਿਰੀ ਸਾਹਿਬ ਹੱਥ ਵਿਚ ਲੈ ਕੇ ਖੜ੍ਹੇ ਹੁੰਦੇ ਹਨ। ਇਹ ਆਪਣੀ ਨਹੀਂ, ਗੁਰੂ ਅਤੇ ਹਥਿਆਰ ਦੀ ਜੈ-ਜੈ ਕਰਦੇ ਹਨ। ਗੁੜ ਦੀ ਰੋੜੀ ਸਿਰ ਵਰਗੀ ਕਰੜੀ ਹੈ, ਇਸ ਕਰਕੇ ਉਸ ਦਾ ਨਾਮ ਸਿਰ-ਜੋੜ ਹੈ। ਸ਼ੱਕਰ ਨੂੰ ਮਲ-ਮਲ ਕੇ ਨਿੱਕਾ ਕਰ ਦਿੱਤਾ ਹੈ, ਇਸ ਕਰਕੇ ਸਿਰ-ਖਿੰਡੀ ਹੈ। ਪਰ ਖੰਡ ਇਨ੍ਹਾਂ ਲਈ ਭਸਮ ਹੈ, ਸਵਾਹ ਹੈ, ਰਾਖ ਹੈ। ਇਸ ਦਾ ਅਰਥ ਭਾਂਡੇ ਮਾਂਜਣ ਵਾਲ਼ੀ ਸਵਾਹ ਨਹੀਂ, ਸਗੋਂ ਕੁਸ਼ਤਾ ਹੈ। ਸਾਡੇ ਸਰੀਰ ਵਿਚ ਖੰਡ ਦਾ ਕੀ ਕੰਮ ਹੈ ? ਉਹ ਇਸ ਤੋਂ ਚੰਗੀ ਤਰ੍ਹਾਂ ਜਾਣੂ ਸਨ।

ਅਜਿਹੇ ਸੂਰਮੇ ਧਰਮ, ਕੌਮ ਤੇ ਮਜ਼ਲੂਮਾਂ ਦੀ ਰੱਖਿਆ ਲਈ ਕੀਤੇ ਜੰਗ ਨੂੰ ਜੰਗ ਨਹੀਂ, ਸਗੋਂ 'ਹੋਲਾ' ਅਨੁਭਵ ਕਰਦੇ ਸਨ। ਇਹ ਹੋਲਾ, ਹੋਲੀਆਂ ਵਾਲ਼ੀਆਂ ਪਿਚਕਾਰੀਆਂ ਨਾਲ਼ ਨਹੀਂ, ਹੋਲੀਆਂ ਵਾਲੇ ਰੰਗ ਅਤੇ ਗੁਲਾਲ ਨਾਲ ਨਹੀਂ, ਸ਼ਾਹ ਰਗ਼ ਦੀਆਂ ਪਿਚਕਾਰੀਆਂ ਭਰ ਕੇ ਖੇਡਿਆ ਜਾਂਦਾ ਹੈ।

ਇਹ ਜਾਂਗਲੀ ਨਹੀਂ, ਮੁਸੀਬਤਾਂ ਤੇ ਭੁੱਖਾਂ ਨੰਗਾਂ ਨੇ ਇਨ੍ਹਾਂ ਦਾ ਸੁੰਦਰਤਾ ਦਾ ਗਿਆਨ ਖ਼ਤਮ ਨਹੀਂ ਕਰ ਦਿੱਤਾ। ਇਨ੍ਹਾਂ ਦੀ 'ਸੁੰਦਰੀ' ਬਹੁਕਰ ਹੈ, ਜਿਹੜੀ ਆਪਣੇ ਹੀ ਬਰੀਕ ਬਰੀਕ ਵਾਲ ਸਵਾਰ ਕੇ ਨਹੀਂ ਰੱਖਦੀ, ਸਗੋਂ ਚਾਰ-ਚੁਫ਼ੇਰਾ ਸੁੰਦਰ ਬਣਾ ਦਿੰਦੀ ਹੈ। ਇਨ੍ਹਾਂ ਦਾ ਗਵਰਨਰ (ਸੂਬੇਦਾਰ) ਝਾੜੂ ਦੇਣ ਵਾਲਾ ਹੈ। ਬਹੁਕਰ ਮਾਨੋ ਸੂਬੇਦਾਰ ਦੀ ਬੇਗ਼ਮ ਹੈ। ਇਨ੍ਹਾਂ ਦੇ ਹਾਕਮ ਦਿਲਾਂ ਦੇ ਮਾਲਕ ਹਨ, ਉਪਕਾਰੀ ਹਨ, ਉਨ੍ਹਾਂ ਦਾ ਰੁਤਬਾ ਸੇਵਾ ਰਾਹੀਂ ਵੱਧਦਾ ਹੈ। ਇਨ੍ਹਾਂ ਦੀਆਂ ਚੀਜ਼ਾਂ ਵੀ ਰਾਤ ਦੇ ਹਨੇਰੇ ਵਿਚ ਗਵਾਚ ਜਾਂਦੀਆਂ ਹਨ, ਪਰ ਬਿਨਾਂ ਅਕਾਸ਼ੀ ਦੀਵੇ ਜਗਾਉਣ ਦੇ ਚੀਜ਼ਾਂ ਨੂੰ ਲੱਭਦੇ ਨਹੀਂ। ਇਨ੍ਹਾਂ ਦੇ ਦੀਵਿਆਂ ਵਿਚ ਤੇਲ ਪਾਉਣ ਦੀ ਲੋੜ ਨਹੀਂ, ਇਨ੍ਹਾਂ ਦੀ ਅਕਾਸ਼ ਹੀ ਛੱਤ ਹੈ, ਇਨ੍ਹਾਂ ਦਾ ਧਰਤੀ ਹੀ ਆਂਗਨ ਹੈ, ਜਦੋਂ ਇਨ੍ਹਾਂ ਦੇ ਅਕਾਸ਼ੀ ਦੀਵੇ ਜਗਦੇ ਹਨ, ਸੰਸਾਰ ਦੀ ਕਿਸੇ ਵੀ ਵੱਸੋਂ ਦੀ ਨੁੱਕਰ ਵਿਚ ਹਨੇਰਾ ਨਹੀਂ ਰਹਿੰਦਾ। ਇਨ੍ਹਾਂ ਦੀਆਂ ਵੀ ਉਡੀਕਾਂ ਹੁੰਦੀਆਂ ਹਨ। ਕਈ-ਕਈ ਦਿਨ ਬਸੰਤ ਕੌਰ (ਮੱਕੀ ਦੀ ਰੋਟੀ) ਦਿਨ ਅਤੇ ਰਾਤ ਅੱਖਾਂ ਵਿਚ ਕੱਢਦੀ ਹੈ। ਇਹ ਕੋਈ ਸਾਧਾਰਨ ਲਾੜੇ ਨਹੀਂ, ਇਨ੍ਹਾਂ ਦਾ ਵਿਆਹ ਧਰਮ ਰਾਜ ਦੀ ਧੀ (ਨੀਂਦਰ) ਨਾਲ ਹੋਇਆ ਹੈ। ਕਦੇ-ਕਦੇ ਇਹ ਧਰਮ ਰਾਜ ਦੀ ਪੁੱਤਰੀ ਨਾਲ ਲੜ (ਸੌਣ) ਪੈਂਦੇ ਹਨ। ਪਰ ਧਰਮ ਰਾਜ ਦੇ ਪੁੱਤਰ (ਤਾਪ) ਨਾਲ ਇਨ੍ਹਾਂ ਦੀ ਬਣਦੀ ਨਹੀਂ। ਜੀਵਨ ਭਰ ਇਹ ਕੰਮ ਕਰਦੇ ਰਹਿੰਦੇ ਹਨ, ਇਸ ਕਰਕੇ ਇੰਦਰਾਣੀ (ਠੰਢੀ ਹਵਾ) ਇਨ੍ਹਾਂ ਨੂੰ ਆਪਣੇ ਸੀਨੇ ਨਾਲ ਘੁੱਟ ਕੇ ਲਾ ਲੈਂਦੀ ਹੈ। ਸਰਦੋਨਾ (ਪਾਲਾ) ਮੁੱਠੀਆਂ ਭਰਦਾ ਰਹਿੰਦਾ ਹੈ। ਸੂਈ ਨੂੰ ਜੋੜ-ਮੇਲਣੀ ਕਹਿ ਕੇ ਗੁਣਾਂ ਵਿਚ ਕੈਂਚੀ ਨਾਲੋਂ ਲੱਖਾਂ ਗੁਣਾਂ ਵੱਡਾ ਸਾਬਤ ਕਰ ਦਿੱਤਾ ਹੈ। ਸਮਾਜ ਨੂੰ ਕੈਂਚੀਆਂ ਦੀ ਨਹੀਂ, ਸੂਈਆਂ ਦੀ ਲੋੜ ਹੈ। ਇਨ੍ਹਾਂ ਦੀ ਥੋੜ੍ਹੀ ਹਾਂਡੀ ਵੀ ਜਗੰਨਾਥੀ ਹੈ, ਸਾਰੇ ਜਗ ਦੀ ਨਾਥ। ਇਨ੍ਹਾਂ ਦਾ ਲੰਗਰ ਸਾਰੇ ਸੰਸਾਰ ਦਾ ਲੰਗਰ ਹੈ।

ਕਈ ਚੀਜ਼ਾਂ ਅਜਿਹੀਆਂ ਹੁੰਦੀਆਂ ਹਨ, ਜੋ ਸਾਨੂੰ ਪਸੰਦ ਹੁੰਦੀਆਂ ਹਨ, ਪਰ ਸਾਡੇ ਗੁਆਂਢੀਆਂ ਨੂੰ ਚੰਗੀਆਂ ਨਹੀਂ ਲੱਗਦੀਆਂ। ਇਨ੍ਹਾਂ ਨੇ ਉਨ੍ਹਾਂ ਚੀਜ਼ਾਂ ਦੇ ਏਨੇ ਸੁੰਦਰ ਨਾਂਅ ਰੱਖੇ ਕਿ ਨਾਮ ਸੁਣ ਕੇ ਸਬਜ਼ੀ ਖਾਣ ਵਾਲਿਆਂ ਦੇ ਮੂੰਹ ਵਿਚ ਪਾਣੀ ਆ ਜਾਵੇ। ਮੱਛੀ ਨੂੰ ਇਨ੍ਹਾਂ ਨੇ 'ਜਲ-ਤੋਰੀ' ਬਣਾ ਲਿਆ, ਪਾਣੀ ਦੀ ਵੇਲ ਨੂੰ ਲੱਗਣ ਵਾਲੀ ਲੰਮੀ ਤੋਰੀ। ਆਂਡੇ ਇਨ੍ਹਾਂ ਲਈ 'ਗੋਪਾਲ ਲੱਡੂ' ਬਣ ਗਏ। ਭੇਡ ਅਤੇ ਬੱਕਰੀ ਆਕਾਸ਼ ਪਰੀਆਂ ਬਣ ਗਈਆਂ। ਹੱਡੀ ਦਾ ਡਰਾਉਣਾ ਰੂਪ ਸੰਖੀ (ਸੰਖ ਤੋਂ ਸੰਖੀ) ਹੋ ਗਿਆ। ਪਰੌਂਠੇ 'ਤਹਿ-ਤੋੜ' ਬਣ ਗਏ। ਸੂਰ ਨੇ ਕਸਤੂਰੇ ਦਾ ਰੂਪ ਧਾਰ ਲਿਆ। ਇਨ੍ਹਾਂ ਦਾ ਸੁਕਾਉਣਾ ਵੀ ਹਰਿਆ ਕਰਨਾ ਹੋ ਗਿਆ। ਕੱਟਾ, ਹਾਥੀ ਅਤੇ ਝੋਟਾ ਐਰਾਪਤ (ਹਾਥੀਆਂ ਦਾ ਰਾਜਾ) ਦੇ ਰੂਪ ਵਿਚ ਬਦਲ ਜਾਂਦਾ ਹੈ। ਗੰਜੇ ਨੂੰ ਕਲਗ਼ਾ, ਲੰਗੇ ਨੂੰ ਸੁਚਾਲਾ ਸਿੰਘ, ਟੁੰਡੇ ਨੂੰ ਲੱਖ-ਬਾਹਾਂ, ਕਾਣੇ ਨੂੰ ਲੱਖ-ਨੇਤਰਾ, ਨੱਕ-ਕੱਟੇ ਨੂੰ ਸੁਰਗ ਦੁਆਰੀਆ ਕਹਿ ਕੇ ਸੁੰਦਰ ਕਰ ਦਿੱਤਾ ਹੈ। ਜਾਪਦਾ ਇਹ ਹੈ ਕਿ ਉਹ ਕੁਦਰਤ ਦੀ ਅਧੂਰੀ ਕਿਰਤ ਨੂੰ ਕਰੂਪ ਨਹੀਂ ਵੇਖ ਸਕਦੇ। ਕਰੂਪ ਤੇ ਕੋਝਾ ਬਹੁਤਾ ਆਪਣੀ ਅੱਖ ਵਿਚ ਹੁੰਦਾ ਹੈ। ਸੁੰਦਰ ਨੈਣਾਂ ਨਾਲੋਂ ਸੁੰਦਰ ਨਜ਼ਰ ਹਜ਼ਾਰ ਗੁਣਾਂ ਸੋਹਣੀ ਹੁੰਦੀ ਹੈ। ਉਨ੍ਹਾਂ ਨੇ ਗ਼ਰਮ ਇਲਾਕੇ ਦੀ ਨਿੱਕੇ ਪੱਤਿਆਂ ਵਾਲ਼ੀ ਕਿੱਕਰ ਨੂੰ ਸਦਾ ਗੁਲਾਬ ਦੇ ਰੂਪ ਵਿਚ ਤੱਕ ਕੇ ਪੰਜਾਬ ਅਤੇ ਬੀਕਾਨੇਰ ਨੂੰ ਸੁੰਦਰਤਾ ਅਤੇ ਮਹਿਕ ਨਾਲ ਭਰ ਦਿੱਤਾ।

ਪ੍ਰਦੇਸੀ ਹਕੂਮਤਾਂ ਵੇਲੇ ਮੁਲਕਾਂ ਅਤੇ ਅੰਗਰੇਜ਼ਾਂ ਦੇ ਥੁੱਕ ਚੱਟ-ਚੱਟ ਕੇ ਲੋਕ ਜਗੀਰਾਂ ਲੈਂਦੇ ਸਨ ਅਤੇ ਫਿਰ ਲੋਕਾਂ ਵਿਚ ਆਕੜ-ਆਕੜ ਕੇ ਚੱਲਦੇ ਸਨ, ਆਪਣੇ ਖ਼ਾਨਦਾਨ ਨੂੰ ਵੱਡਾ ਸਮਝਦੇ ਸਨ। ਪਰ ਸਿੰਘ 'ਬੋਲਿਆਂ' ਵਿਚ ਜਗੀਰ ਨੂੰ 'ਟੁੱਕਰ' ਕਿਹਾ ਗਿਆ ਹੈ, ਕੁੱਤੇ ਅੱਗੇ ਜੂਠੀ ਰੋਟੀ ਦਾ ਟੁਕੜਾ। ਕੁੱਤਾ ਆਪਣੇ ਭਰਾਵਾਂ ਨੂੰ ਵੱਢਦਾ ਹੈ, ਉਨ੍ਹਾਂ ਨੂੰ ਦੂਰੋਂ ਵੇਖ ਕੇ ਭੌਂਕਣ ਲੱਗ ਪੈਂਦਾ ਹੈ। ਮਾਲਕ ਦੀ ਨਜ਼ਰ ਵਿਚ ਭੌਂਕ-ਭੌਂਕ ਕੇ ਮੁੱਲ ਵਧਾਉਂਦਾ ਹੈ। ਇਹ ਜਗੀਰ ਮਾਣ ਕਰਨ ਵਾਲੀ ਨਹੀਂ, ਸ਼ਰਮ ਨਾਲ ਸਿਰ ਨੀਵਾਂ ਕਰਨ ਵਾਲੀ ਚੀਜ਼ ਹੈ। ਇਨ੍ਹਾਂ ਦਾ ਬ੍ਰਹਮ-ਰਸ ਕਮਾਦ ਤਰੇਲ ਨਾਲ ਭਰਿਆ ਪੋਹ ਮਾਘ ਵਿਚ ਕਮਾਦੀ ਦਾ ਗੰਨਾ ਹੈ। ਇਨ੍ਹਾਂ ਦੇ ਬਦਾਮ ਦੇ ਬੂਟਿਆਂ ਦੇ ਬਾਗ਼ ਛੋਲਿਆਂ ਦੇ ਖੇਤ ਹਨ।

ਕਾਜ਼ੀ ਉਸ ਵੇਲ਼ੇ ਦਾ ਜੱਜ ਸੀ, ਉਸ ਦੀਆਂ ਵਧੀਕੀਆਂ ਨੇ ਉਸ ਨੂੰ 'ਮੁਰਗਾ' ਬਣਾ ਦਿੱਤਾ ਅਤੇ ਇਨ੍ਹਾਂ ਬਹਾਦਰਾਂ ਨੇ ਵੱਧ ਤੋਂ ਵੱਧ ਮੁਰਗਿਆਂ ਦੀਆਂ ਧੌਣਾਂ ਮਰੋੜੀਆਂ। ਅਹਿਮਦ ਸ਼ਾਹ ਨੂੰ ਇਹ 'ਕਾਬਲੀ ਕੁੱਤਾ' ਕਹਿ ਕੇ ਸੱਦਦੇ ਰਹੇ ਤੇ ਇਕ ਵਾਰੀ ਇਸ ਹਲਕੇ ਕੁੱਤੇ ਨੂੰ ਮਾਰਨ ਲਈ ਇਕ ਸੂਰਮਾ ਇਸ ਦੇ ਕੋਲ ਜਾ ਕੇ ਭਰਵਾਂ ਵਾਰ ਕਰਨ ਹੀ ਵਾਲਾ ਸੀ ਕਿ ਉਹ ਸ਼ਹੀਦ ਹੋ ਗਿਆ। ਜਦੋਂ ਵੀ ਇਹ ਪੰਜਾਬ ਵਿਚ ਆਉਂਦਾ ਰਿਹਾ, ਬਹਾਦਰ ਸਿੰਘ ਜੋ ਕੁਝ ਹੱਥ ਵਿਚ ਹੁੰਦਾ, ਲੈ ਕੇ ਇਸ ਹਲਕੇ ਕੁੱਤੇ ਦੇ ਮਗਰ ਲੱਗ ਪੈਂਦੇ। ਇਹ ਮੁੜ-ਮੁੜ ਵੱਢਦਾ, ਝਈਆਂ ਲੈਂਦਾ, ਪਰ ਇਹ ਕਦੀ ਵੀ ਉਸ ਦਾ ਪਿੱਛਾ ਨਾ ਛੱਡਦੇ। ਇਨ੍ਹਾਂ ਦਾ ਕਾਨੂੰਗੋ ਇਨ੍ਹਾਂ ਦਾ ਲੰਮਾ ਖੂੰਡਾ ਸੀ। ਇਨ੍ਹਾਂ ਦਾ ਭਰੋਸਾ ਸੀ ਕਿ ਅਕਲਦਾਨ ਤੋਂ ਬਿਨਾਂ ਮੁਗ਼ਲਾਂ ਨੂੰ ਅਕਲ ਨਹੀਂ ਆਉਣੀ। ਰੁਪਏ ਨੂੰ ਇਹ ਲੋਕ 'ਠੀਕਰਾ' ਜਾਂ 'ਛਿੱਲੜ' ਕਹਿੰਦੇ

ਸਨ, ਇਹ ਹੈ ਵੀ ਠੀਕ। ਸਿੱਕਾ ਮਿਹਨਤ ਦਾ ਛਿਲਕਾ ਹੈ, ਇਹ ਇਕ ਜਾਨਦਾਰ ਕਮਾਈ ਦਾ ਮੁਰਦਾ ਚਿੰਨ੍ਹ ਹੈ। ਜੇ ਇਹ ਲਹੂ-ਪਸੀਨਾ ਇਕ ਕਰਕੇ ਪ੍ਰਾਪਤ ਕੀਤਾ ਜਾਵੇ ਤਾਂ ਇਹ ਖ਼ਿਤਾਬ ਹੈ, ਪਰ ਜੇ ਇਹ ਚਲਾਕੀਆਂ ਨਾਲ ਆਵੇ ਤਾਂ ਹੱਡਾਂ ਵਿਚ ਪਾਰਾ ਬਣ ਕੇ ਬੈਠ ਜਾਂਦਾ ਹੈ। ਇਨ੍ਹਾਂ ਦੀ ਬੋਲੀ ਵਿਚ 'ਥੋੜ੍ਹਾ' ਸ਼ਬਦ 'ਸਵਾਇਆ' ਹੈ। ਜੋ ਕੁਝ ਮਿਲਦਾ ਸੀ, ਉਸ ਨੂੰ ਵੀ ਵੱਧ ਕਹਿ ਕੇ ਸੱਦਦੇ ਹਨ। ਕਰੋ ਬਹੁਤਾ ਤੇ ਮੰਗੋ ਥੋੜ੍ਹਾ, ਇਨ੍ਹਾਂ ਦਾ ਨਾਅਰਾ ਹੈ।

ਉਹ ਹਰ ਸਮੇਂ ਪੁੱਜ ਕੇ ਹਾਜ਼ਰ ਰਹਿਣ ਵਾਲਿਆਂ ਨੂੰ ਅਧਿਕਾਰੀ ਸਮਝਦੇ ਸਨ। ਅਜਿਹੇ ਲੋਕਾਂ ਨੂੰ ਉਹ 'ਖੜ੍ਹੇ ਦਾ ਖ਼ਾਲਸਾ' ਕਹਿੰਦੇ ਸਨ, ਭਾਵ ਜੋ ਸਮੇਂ ਸਿਰ ਪੁੱਜਦਾ ਹੈ ਉਸ ਨੂੰ ਪ੍ਰਾਪਤੀ ਹੋਣੀ ਚਾਹੀਦੀ ਹੈ। ਹਿੱਕ ਤੋਂ ਬੇਰ ਚੁੱਕ ਕੇ ਜਿਹੜਾ ਖਾ ਨਹੀਂ ਸਕਦੇ, ਉਨ੍ਹਾਂ ਨੂੰ ਭੁੱਖੇ ਮਰਨ ਦੇਣਾ ਚਾਹੀਦਾ ਹੈ। ਨਿੱਕੇ ਤੋਂ ਨਿੱਕੇ ਕੰਮ ਨੂੰ ਏਡੇ ਧਿਆਨ ਨਾਲ ਕਰਨਾ ਚਾਹੀਦਾ ਹੈ, ਜਿਸ ਤਰ੍ਹਾਂ ਇਹ ਵੱਡੇ ਤੋਂ ਵੱਡਾ ਕੰਮ ਹੈ। ਪੋਣੇ ਦੀਆਂ ਦੋਹਾਂ ਕੰਨੀਆਂ ਨੂੰ ਫੜਨਾ ਉਹ 'ਸ਼ੇਰ ਦੇ ਕੰਨ' ਫੜਨ ਦੇ ਤੁੱਲ ਖ਼ਿਆਲ ਕਰਦੇ ਸਨ। ਸ਼ੇਰ ਨੂੰ ਜੇ ਕੰਨਾਂ ਤੋਂ ਘੁੱਟ ਕੇ ਫੜਿਆ ਹੋਵੇ ਤੇ ਥੋੜ੍ਹੀ ਜਿਹੀ ਅਣਗਹਿਲੀ ਕਰ ਦਿੱਤੀ ਜਾਵੇ ਤਾਂ ਸਾਰਾ ਕੰਮ ਹੀ ਚੌੜ ਹੋ ਜਾਂਦਾ ਹੈ।

ਮਨੋਵਿਗਿਆਨੀ ਜਾਣਦੇ ਹਨ ਕਿ ਜੇ ਅਸਫ਼ਲ ਆਦਮੀ ਨੂੰ ਉਤਸ਼ਾਹ ਨਾ ਦੇਈਏ ਤਾਂ ਉਹ ਉਸ ਕੰਮ ਤੋਂ ਹੀ ਨਫ਼ਰਤ ਕਰਨ ਲੱਗ ਪੈਂਦਾ ਹੈ। ਇਹ ਲੋਕ ਡਿੱਗ ਪੈਣ ਵਾਲੇ ਨੂੰ ਕਹਿੰਦੇ ਸਨ, ਤੂੰ ਤੇ ਛਾਲ਼ ਮਾਰੀ ਹੈ। ਡਿੱਗ-ਡਿੱਗ ਕੇ ਸਵਾਰ ਹੁੰਦੇ ਹਨ ਨਾਲ਼ੋਂ, 'ਛਾਲ਼ ਮਾਰੀ ਹੈ', ਬਹੁਤਾ ਮਨੋ-ਵਿਗਿਆਨਕ ਹੈ।

ਇਹ ਆਪਣੇ ਸਰੀਰ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਰਤੇ ਹੋਏ ਸ਼ਬਦ 'ਠੀਕਰੇ' ਦੇ ਨਾਮ ਨਾਲ ਸੱਦਦੇ ਸਨ ਅਤੇ ਸਰੀਰ ਤਿਆਗਣਾ ਉਨ੍ਹਾਂ ਲਈ 'ਚੋਲਾ ਬਦਲਣਾ' ਸੀ।

ਕੜਛੀ ਨੂੰ 'ਰੱਜੀ' ਕਹਿ ਕੇ ਇਨ੍ਹਾਂ ਸੰਤੋਖੀ ਬਣਨਾ ਸਿੱਖਿਆ। ਗੁਣ-ਗ੍ਰਾਹੀ ਛੱਜ ਤੋਂ ਇਨ੍ਹਾਂ ਬਿਬੇਕ ਤੇ ਨਿਤਾਰਾ ਪ੍ਰਾਪਤ ਕੀਤਾ।

ਸਿਹਤ ਤੇ ਵਿਗਿਆਨ ਤੋਂ ਵੀ ਇਨ੍ਹਾਂ ਨੇ ਲੋਕਾਂ ਨੂੰ ਸੁਚੇਤ ਕੀਤਾ। ਹੁੱਕੇ ਨੂੰ ਇਨ੍ਹਾਂ ਨੇ 'ਜਗਤ-ਜੂਠ' ਦਾ ਨਾਮ ਦਿੱਤਾ। ਹੁੱਕੇ ਦੇ ਸੂਟੇ ਲਾਉਣ ਵਾਲੇ ਨੂੰ ਇਨ੍ਹਾਂ ਨੇ 'ਗਧੀ-ਚੁੰਘ' ਕਿਹਾ। ਕਿੱਥੇ ਧਾਰਾਂ ਚੁੰਘਣੀਆਂ ਅਤੇ ਕਿੱਥੇ ਖੋਤੀ ਦੀ ਲਿੱਦ ਚੁੰਘਣੀ।

ਇਹ ਪੱਗ ਬੰਨ੍ਹਦੇ ਨਹੀਂ ਸਨ, ਦਸਤਾਰਾ ਸਜਾਉਂਦੇ ਸਨ। ਇਨ੍ਹਾਂ ਦਾ ਖ਼ਿਆਲ ਸੀ ਕਿ ਸਾਡਾ ਸਿਰ ਨਹੀਂ, ਸੀਸ ਹੈ ਅਤੇ ਇਹ ਧੜੋਂ ਵੱਖ ਹੋ ਜਾਣ ਪਿੱਛੋਂ ਵੀ ਖ਼ੂਬਸੂਰਤ ਰਹਿਣਾ ਚਾਹੀਦਾ ਹੈ। ਇਹ ਹਥਿਆਰ ਲੈਂਦੇ ਜਾਂ ਪਾਉਂਦੇ ਨਹੀਂ, ਸਗੋਂ ਸਜਾਉਂਦੇ ਹਨ। ਇਹ ਸਿੰਘਾਂ ਦੇ ਗਹਿਣੇ ਸਨ, ਅਲੰਕਾਰ ਸਨ। ਸ਼ਸਤਰ ਲਾਹੁੰਦੇ ਨਹੀਂ, ਗਹਿਣਿਆਂ ਵਾਂਗ ਉਤਾਰਦੇ ਸਨ। ਇਨ੍ਹਾਂ ਦੀ ਡਾਂਗ ਨਹੀਂ, ਮੁਤਹਿਰਾ ਜਾਂ ਸਲੋਤਰ ਸੀ।

ਇਹ ਜਾਣਦੇ ਸਨ ਕਿ ਆਚਰਣ, ਵਿਰੋਧੀ ਤਾਕਤਾਂ ਨਾਲ ਟੱਕਰ ਲੈ ਕੇ ਬਣਦਾ ਹੈ। ਜਿਸ ਦੇ ਆਚਰਣ ਦੀਆਂ ਜੜ੍ਹਾਂ ਡੂੰਘੀਆਂ ਨਹੀਂ, ਉਹ ਮਹਾਨ ਨਹੀਂ ਹੋ ਸਕਦਾ। ਆਚਰਣ ਮਿਹਨਤ ਵਿਚੋਂ ਕਰੂੰਬਲਾਂ ਵਾਂਗ ਫੁੱਟਦਾ ਹੈ, ਪਰ ਵਿਹਲ ਦੇ ਰੋੜ ਇਸ ਦੀਆਂ ਜੜ੍ਹਾਂ ਸਾੜ ਦਿੰਦੇ ਹਨ।▪▪

# ਕਵਿਤਾ : ਬਖਸ਼ਿਸ਼ਾਂ

ਸਤਿਗੁਰੂ ਜੀ ਦਰ ਠਾਢੇ ਹਾਂ, ਸਿੱਖੀ ਦਾਨ ਬਖਸ਼ੋ...
ਦਾਨਾ ਸਿਰ ਦਾਨ, ਨਾਮ ਦਾਨ ਇਸ਼ਨਾਨ ਬਖਸ਼ੋ...
ਅਰੋਗਤਾ ਤੰਦਰੁਸਤੀ, ਮਨ ਦੀ ਨਿਰਮਲਤਾ ਬਖਸ਼ੋ...
ਕੜੀ ਕਠੋਰਤਾ ਦਾ ਨਾਸ ਕਰਕੇ, ਕੋਮਲਤਾ ਬਖਸ਼ੋ...
ਅੰਮ੍ਰਿਤ ਵੇਲੇ ਦਾ ਜਾਗਣਾ, ਅਤੇ ਨਿਤਨੇਮ ਬਖਸ਼ੋ...
ਪਰਵਰਦਿਗਾਰ ਨਾਲ, ਸੱਚਾ ਸਨੇਹ ਪ੍ਰੇਮ ਬਖਸ਼ੋ...
ਸਿੱਖੀ ਬਾਣੇ ਅਤੇ ਨਾਮ, ਬਾਣੀ ਦੀ ਦਾਤ ਬਖਸ਼ੋ...
ਨਾਮ ਵਿਚ ਭਿੱਜੀ, ਸੁਭਾਈ ਹਰ ਰਾਤ ਬਖਸ਼ੋ...
ਗੁਰਬਾਣੀ ਕੰਠ ਕਰਨ ਦੀ, ਸਮਰੱਥਾ ਬਖਸ਼ੋ...
ਸ਼ੁੱਧ ਸਪੱਸ਼ਟ ਬਾਣੀ ਕੀਰਤਨ, ਕਥਾ ਬਖਸ਼ੋ...
ਸਾਧ ਸੰਗਤ ਸੰਗ, ਅੰਮ੍ਰਿਤ ਵੇਲਾ ਬਖਸ਼ੋ...
ਨਿੱਤ ਰੈਣ ਸੁਹਾਵੀ, ਦਿਵਸ, ਸੁਹੇਲਾ ਬਖਸ਼ੋ...
ਜਿਊਣ ਦਾ ਸੁਚੱਜਾ ਢੰਗ, ਆਚਾਰ ਬਖਸ਼ੋ...
ਜਾਗਦੀ ਜੋਤ ਦੇ ਦਰਸ਼ਨ, ਦੀਦਾਰ ਬਖਸ਼ੋ...
ਆਪਣੇ ਚਰਨ ਕਮਲਾਂ ਦੀ, ਪ੍ਰੀਤ ਬਖਸ਼ੋ...
ਧੂੜ ਸਾਧ ਸੰਗਤ ਦੀ, ਨਿਤ ਨੀਤ ਬਖਸ਼ੋ...
ਜੀਵਨ ਜੁਗਤੀ, ਸਰਬ ਲੋਹ ਦਾ ਪਹਿਰਾ ਬਖਸ਼ੋ...
ਜੁਗਤੀਆਂ! ਜੋ ਛੁਡਾ ਦੇਣ, ਪੰਜਾਂ ਤੋਂ ਖਹਿੜਾ ਬਖਸ਼ੋ...
ਅਸੂਲਾਂ ਵਿਚ ਪ੍ਰਪੱਕਤਾ, ਰਹਿਤ ਮਰਯਾਦਾ ਬਖਸ਼ੋ...
ਵੰਡ ਕੇ ਛਕਣਾ, ਕ੍ਰਿਤ ਕਮਾਈ ਦਾ ਪ੍ਰਸ਼ਾਦਾ ਬਖਸ਼ੋ...
ਸਿਦਕ ਸੰਜਮ ਸਬਰ, ਸੰਤੋਖ ਦਇਆ ਬਖਸ਼ੋ...
ਸਹਿਣਸ਼ੀਲਤਾ ਸੁਮੱਤ, ਇਨਸਾਫ਼ ਨਿਆਂ ਬਖਸ਼ੋ...
ਸੱਚ ਸਾਦਗੀ ਨਿਮਰਤਾ, ਹਲੀਮੀ ਮਿਠਾਸ ਬਖਸ਼ੋ...
ਗੁਣ! ਜੋ ਪੰਜਾਂ ਦਾ ਕਰ ਦੇਣ ਨਾਸ, ਬਖਸ਼ੋ...
ਪਰਿਵਾਰਕ ਮਿਲਵਰਤਨ, ਨਾਮ ਅਭਿਆਸ ਬਖਸ਼ੋ...
ਆਪਣੀ ਕ੍ਰਿਪਾ ਦ੍ਰਿਸ਼ਟੀ, ਖ਼ੁਸ਼ੀ ਸ਼ਾਬਾਸ਼ ਬਖਸ਼ੋ...
ਰਜੋ ਤਮੋ ਸਤੋ ਤੋਂ ਅੱਗੇ ਦਾ, ਗਿਆਨ ਬਖਸ਼ੋ...
ਚੌਥੇ ਪਦ ਦੀ ਪਹੁੰਚ, ਸੱਚੀ ਲਿਵ ਧਿਆਨ ਬਖਸ਼ੋ...
ਥੋੜ੍ਹਾ ਖਾਣਾ, ਥੋੜ੍ਹਾ ਜਾਗਣਾ, ਥੋੜ੍ਹਾ ਬੋਲਣਾ ਬਖਸ਼ੋ...
ਖੁਦ ਨੂੰ ਚੀਨਣਾ, ਪਰਖਣਾ, ਘੋਖਣਾ ਫ਼ੋਲਣਾ ਬਖਸ਼ੋ...
ਸਾਧ ਸੰਗਤ ਦੀ ਟਹਿਲ, ਸੇਵਾ ਭਾਵਨੀ ਬਖਸ਼ੋ...
ਹਰ ਪਲ ਭਾਗਾਂ ਵਾਲਾ, ਘੜੀ ਸੁਹਾਵਣੀ ਬਖਸ਼ੋ...
ਬਲ, ਬੰਦਗੀ, ਬਿਰਹਾ, ਬਿਬੇਕ, ਬੁਧ ਬਖਸ਼ੋ...
ਉੱਚੀ ਸੁੱਚੀ ਸੋਚਣੀ, ਵਿਚਾਰ ਸ਼ੁੱਧ ਬਖਸ਼ੋ...
ਰਜ਼ਾ ਵਿਚ ਰਾਜ਼ੀ ਰਹਿਣ ਦੀ, ਜਾਚ ਬਖਸ਼ੋ...
ਭਾਣਾ ਮਿੱਠਾ ਲੱਗੇ, ਇਹ ਗੁਣ ਖ਼ਾਸ ਬਖਸ਼ੋ...
ਵੈਰ, ਵਿਰੋਧ, ਈਰਖਾ ਤੋਂ ਉਪਰਾਮਤਾ ਬਖਸ਼ੋ...
ਹੱਥ ਜੋੜ ਕੇ ਕਰਾਂ ਯਾਚਨਾ, ਸਾਵਧਾਨਤਾ ਬਖਸ਼ੋ...
ਸਭ ਅਉਗਣਾਂ ਤੋਂ ਕਰ ਦਿਓ ਦੂਰ, ਦਾਤ ਬਖਸ਼ੋ...
ਗੁਰਮਤਿ ਦੇ ਸਾਰੇ ਗੁਣ ਭਰਪੂਰ, ਸੁਗਾਤ ਬਖਸ਼ੋ...
ਪ੍ਰਾਪਤ ਬਖਸ਼ਿਸ਼ਾਂ ਉੱਤੇ, ਆਪਣੀ ਰੱਖਿਆ ਬਖਸ਼ੋ...
ਹਉਮੈ ਨਾ ਅਪੜੇ, ਆਤਮਿਕ ਅਵਸਥਾ ਬਖਸ਼ੋ...

-ਗੁਰਜੀਤ ਕੌਰ (ਐਮ. ਫ਼ਿਲ)

# ਕੀ ਹੈ ਖੰਡੇ ਬਾਟੇ ਦੇ ਅੰਮ੍ਰਿਤ ਦੀ ਮਰਯਾਦਾ ?

ਸਿੱਖ ਧਰਮ ਵਿਚ ਪ੍ਰਵੇਸ਼ ਕਰਨ ਦੇ ਸੰਸਕਾਰ ਦਾ ਨਾਮ 'ਅੰਮ੍ਰਿਤ ਸੰਸਕਾਰ' ਹੈ ਅਤੇ ਜੇਕਰ ਇਸ ਅਤਿ ਜ਼ਰੂਰੀ ਸੰਸਕਾਰ ਵਿਚ ਢਿੱਲ ਹੋਵੇਗੀ ਤਾਂ ਇਸ ਤੋਂ ਜਨਮ ਲੈਣ ਵਾਲਿਆਂ ਵਿਚ ਵੀ ਉਹੋ ਢਿੱਲ ਹੀ ਵਰਤੇਗੀ। ਢਿੱਲ ਨੇ ਅੱਗੋਂ ਢਿੱਲ ਹੀ ਵਰਤਾਉਣੀ ਹੈ। ਸੋ ਜੇਕਰ ਖ਼ਾਲਸਾ ਪੰਥ, ਧੜ੍ਹਿਆਂ ਤੋਂ ਉਪਰ ਉਠ ਕੇ, ਪੰਥ ਦੀ ਚੜ੍ਹਦੀ ਕਲਾ ਦੀ ਖਾਤਰ, ਅੰਮ੍ਰਿਤ ਸੰਚਾਰ ਸਮਾਗਮ ਦੀਆਂ ਢਿੱਲਾਂ ਨੂੰ ਦੂਰ ਕਰ ਲਵੇ ਅਤੇ ਤਿਆਰ-ਬਰ-ਤਿਆਰ ਗੁਰਮੁਖਾਂ ਪਾਸੋਂ ਪੰਜਾਂ ਪਿਆਰਿਆਂ ਦੀ ਸੇਵਾ ਲਵੇ ਤਾਂ ਪੰਥ ਦਾ ਬਹੁਤ ਭਲਾ ਹੋ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ, ਕਮਾਈ ਵਾਲੇ, ਤਿਆਰ-ਬਰ-ਤਿਆਰ, ਰਹਿਤ ਰਹਿਣੀ ਦੇ ਸੂਰੇ ਪੂਰੇ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਦੀ ਦਾਤਿ ਲੈਣ ਉਪਰੰਤ ਹੀ ਗੁਰੂ ਘਰ ਦਾ ਨਾਮ-ਗੁਰਮੰਤ੍ਰ, ਨਾਮ ਅਭਿਆਸ ਦੀ ਗੁਰਮਤਿ ਵਿਧੀ ਸਹਿਤ, ਪ੍ਰਾਪਤ ਹੁੰਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹਮੇਸ਼ਾਂ ਵਾਸਤੇ ਗੁਰਤਾ-ਗੱਦੀ 'ਤੇ ਬਿਰਾਜਮਾਨ ਕਰ ਦਿੱਤਾ ਸੀ। ਕੋਈ ਜਨ ਆਪੋਂ ਹੀ, ਜਨਮ ਤੋਂ ਹੀ, ਸਿੱਖ ਨਹੀਂ ਬਣ ਸਕਦਾ ਬਲਕਿ ਕਲਿਜੁਗ ਕੇ ਬੋਹਿਥ, ਸਚੇ ਸਤਿਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਗੁਰੂ ਬਣਾਉਣ ਵਾਸਤੇ, ਖੰਡੇ-ਬਾਟੇ ਦਾ ਅੰਮ੍ਰਿਤ ਛਕਣਾ ਲਾਜ਼ਮੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ, ਕਮਾਈ ਵਾਲੇ, ਤਿਆਰ-ਬਰ-ਤਿਆਰ, ਰਹਿਤ ਰਹਿਣੀ ਦੇ ਸੂਰੇ ਪੂਰੇ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਦੀ ਦਾਤਿ ਲੈਣ ਉਪਰੰਤ ਹੀ ਗੁਰੂ ਘਰ ਦਾ ਨਾਮ-ਗੁਰਮੰਤ੍ਰ, ਨਾਮ ਅਭਿਆਸ ਦੀ ਗੁਰਮਤਿ ਵਿਧੀ ਸਹਿਤ, ਪ੍ਰਾਪਤ ਹੁੰਦਾ ਹੈ।

ਚਾਹੀਦਾ ਤਾਂ ਇਹ ਸੀ ਕਿ ੧੬੯੯ ਤੋਂ ਲੈ ਕੇ ਹੁਣ ਤੱਕ, ਅੰਮ੍ਰਿਤ ਛਕਾਉਣ ਦੀ ਗੁਰਮਤਿ ਮਰਿਯਾਦਾ ਵਿਚ ਕੋਈ ਬਦਲਾਓ ਨਾ ਆਉਂਦਾ ਪਰ ਕਈ ਕਾਰਨਾਂ ਕਰਕੇ ਜਿਵੇਂ ਕਿ ਬਹੁਤੀ ਮਰਯਾਦਾ ਦਾ ਗੁਰਮੁਖਾਂ ਦੇ ਸੀਨੇ ਵਿਚ ਹੋਣਾ, ਜਥੇਬੰਦੀਆਂ ਵਿਚ ਗਿਣਤੀ ਵਧਾਉਣ ਦੀ ਰੁਚੀ ਦਾ ਹੋਣਾ ਆਦਿ ਕਰਕੇ, ਇਸ ਮਰਯਾਦਾ ਵਿਚ ਕਈ ਬਦਲਾਓ ਆ ਗਏ ਹਨ ਅਤੇ ਕਈ ਢਿੱਲਾਂ ਵੀ ਪ੍ਰਵੇਸ਼ ਕਰ ਗਈਆਂ ਹਨ। ਇਸ ਲੇਖ ਵਿਚ ਇਨ੍ਹਾਂ ਬਦਲਾਵਾਂ ਬਾਰੇ ਕੁਝ ਵਿਚਾਰ ਇਸ ਤਰ੍ਹਾਂ ਪੇਸ਼ ਹਨ ਜੀ :

**ਅੰਮ੍ਰਿਤ ਪੰਜਾਂ ਤੋਂ ਲੈਣਾ ਕਿ ਇਕ ਕੋਲੋਂ :** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਕਾਬੁਲ ਦੀ ਸੰਗਤ ਨੂੰ ਲਿਖੇ ਹੋਏ ਹੁਕਮਨਾਮੇ ਵਿਚ ਗੁਰਾਂ ਨੇ ਫ਼ਰਮਾਇਆ ਹੈ ਕਿ, "ਤੁਸਾਂ ਖੰਡੇ ਦਾ ਅੰਮ੍ਰਿਤ ਪੰਜਾਂ ਤੋਂ ਲੈਹਣਾ।" ਇਸੇ ਲਈ ਹੀ, ਅੰਮ੍ਰਿਤ ਛਕਾਉਣ ਵੇਲੇ ਪੰਜ ਚੂਲੇ ਅੰਮ੍ਰਿਤ ਦੇ ਮੂੰਹ ਵਿਚ ਦਿੱਤੇ ਜਾਂਦੇ ਹਨ, ਪੰਜ ਨੇਤਰਾਂ ਵਿਚ ਅਤੇ ਪੰਜ ਕੇਸਾਂ ਵਿਚ। ਮਕਸਦ ਇਹ ਹੁੰਦਾ ਹੈ ਕਿ ਪੰਜਾਂ ਵਿਚੋਂ ਹਰ ਇਕ ਪਿਆਰਾ ਵਾਰੀ-ਵਾਰੀ, ਇਕ-ਇਕ ਚੂਲਾ ਛਕਣ ਵਾਸਤੇ ਦੇਵੇ, ਇਕ-ਇਕ ਚੂਲਾ ਨੇਤਰਾਂ ਵਿਚ ਦੇਵੇ ਅਤੇ ਇਕ-ਇਕ ਚੂਲਾ ਹੀ ਕੇਸਾਂ ਵਿਚ ਪਾਵੇ। ਪਰ ਅੱਜ-ਕੱਲ੍ਹ ਦੇਖਣ ਵਿਚ ਆਉਂਦਾ ਹੈ ਕਿ ਅਖੰਡ ਕੀਰਤਨੀ ਜਥੇ ਜਾਂ ਇਕ ਦੋ ਹੋਰ ਸੰਸਥਾਵਾਂ ਤੋਂ ਇਲਾਵਾ, ਹੋਰ ਸਾਰੀਆਂ ਜਥੇਬੰਦੀਆਂ ਜੋ ਅੰਮ੍ਰਿਤ ਸੰਚਾਰ ਦੀ ਸੇਵਾ ਕਰਦੀਆਂ ਹਨ, ਉਥੇ ਇਕ ਪਿਆਰਾ ਹੀ ਪੰਜ ਚੂਲੇ ਛਕਣ ਲਈ, ਪੰਜ ਨੇਤਰਾਂ ਵਿਚ ਅਤੇ ਪੰਜ ਕੇਸਾਂ ਵਿਚੇ ਪਾ ਦਿੰਦਾ ਹੈ। ਹੁਣ ਵਿਚਾਰਨ ਵਾਲੀ ਗੱਲ ਇਹ ਹੈ ਕਿ, ਕੀ ਅਜਿਹਾ ਅੰਮ੍ਰਿਤ ਸੰਚਾਰ- "ਤੁਸਾਂ ਖੰਡੇ ਦਾ ਅੰਮ੍ਰਿਤ ਪੰਜਾਂ ਤੋਂ ਲੈਹਣਾ" ਵਾਲਾ ਗੁਰੂ ਸਾਹਿਬ ਦਾ ਹੁਕਮ ਪੂਰਾ ਕਰਦਾ ਹੈ ?- ਨਹੀਂ। ਇਹ ਗੱਲ ਠੀਕ ਹੈ ਕਿ ਅੰਮ੍ਰਿਤ ਤਿਆਰ ਪੰਜ ਹੀ ਕਰਦੇ ਹਨ ਪਰ ਨਵੇਂ ਅਭਿਲਾਖੀਆਂ ਨੂੰ ਅੰਮ੍ਰਿਤ ਦਿੰਦਾ ਇਕ ਹੀ ਪਿਆਰਾ ਹੈ। ਸੋ ਇਸ ਨਾਲ ਅੰਮ੍ਰਿਤ ਦੀ ਪੂਰੀ ਕਲਾ ਨਹੀਂ ਵਰਤਦੀ। ਪੰਜ-ਪੰਜ ਵਾਰੀ ਮੁਖ ਵਿਚ, ਨੇਤਰਾਂ ਵਿਚ ਅਤੇ ਕੇਸਾਂ ਵਿਚ ਅੰਮ੍ਰਿਤ ਦੇਣ ਦਾ ਮਨੋਰਥ ਹੀ ਇਹ ਹੈ ਕਿ ਪੰਜਾਂ ਵਿਚੋਂ ਹਰ ਇਕ ਪਿਆਰਾ ਇਕ-ਇਕ ਵਾਰੀ ਇਹ ਕਰਮ ਕਰ ਸਕੇ। ਸੋ ਪੰਜਾਂ ਨੂੰ ਹੀ ਅੰਮ੍ਰਿਤ ਛਕਾਉਣ ਵਿਚ ਸ਼ਾਮਲ ਹੋਣਾ ਚਾਹੀਦਾ ਹੈ।

**ਨਵੇਂ ਅਭਿਲਾਖੀਆਂ ਦੀ ਕਸਵੱਟੀ :** ਸ੍ਰੀ ਗੁਰੂ ਕਲਗ਼ੀਧਰ ਜੀ ਨੇ ਜਦੋਂ ਅੰਮ੍ਰਿਤ ਛਕਾਇਆ ਸੀ ਤਾਂ ਕੈਸੀ ਕਠਿਨ ਪ੍ਰੀਖਿਆ ਲੈ ਕੇ ਅੰਮ੍ਰਿਤ ਛਕਾਇਆ ਸੀ। ਉਪਰੰਤ ਵੀ ਜਦੋਂ ਖ਼ਾਲਸਾ ਜੀ ਜੰਗਲਾਂ-ਬੇਲਿਆਂ ਵਿਚ ਰਹਿ ਕੇ ਵੀ ਸਿੱਖੀ ਨਿਭਾਅ ਰਹੇ ਸਨ ਤਾਂ ਅੰਮ੍ਰਿਤ ਛਕਣ ਦੀ ਕਸਵੱਟੀ ਵਿਚ ਕੋਈ ਢਿੱਲ ਨਹੀਂ ਸੀ ਆਈ। ਉਦੋਂ ਜੋ ਸਿੱਖ, ਸਰਕਾਰੇ-ਦਰਬਾਰੇ ਕੰਮ ਕਰਦੇ ਹੁੰਦੇ ਸਨ, ਉਨ੍ਹਾਂ ਨੂੰ ਤਨਖ਼ਾਹੀਆ ਸਮਝਿਆ ਜਾਂਦਾ ਸੀ, ਜਿਵੇਂ ਕਿ ਭਾਈ ਸੁਬੇਗ ਸਿੰਘ ਅਤੇ ਸ਼ਾਹਬਾਜ਼ ਸਿੰਘ ਆਦਿ। ਉਦੋਂ ਅੰਮ੍ਰਿਤ ਛਕਣ ਦਾ ਮਤਲਬ ਹੁੰਦਾ ਸੀ ਕਿ ਰਹਿਤ ਰਹਿਣੀ ਤਾਂ ਰੱਖਣੀ ਹੀ ਪੈਂਦੀ ਸੀ ਬਲਕਿ ਖ਼ਾਲਸਾ ਫ਼ੌਜਾਂ ਵਿਚ ਸ਼ਾਮਲ ਹੋ ਕੇ ਆਜ਼ਾਦੀ ਲਈ ਜਦੋ-ਜਹਿਦ ਕਰਨ ਦਾ ਵੀ ਹੁਕਮ ਹੁੰਦਾ ਸੀ। ਕੋਈ ਵਿਰਲਾ ਹੀ ਉਦੋਂ ਖ਼ਾਲਸੇ ਦੀ ਇਸ ਭਾਰੀ ਕਸਵੱਟੀ 'ਤੇ ਚੜ੍ਹਨ ਲਈ ਤਿਆਰ ਹੁੰਦਾ ਸੀ ਪਰ ਜੋ ਵੀ ਤਿਆਰ

ਹੁੰਦਾ ਸੀ, ਉਹ ਸਵਾ ਲੱਖ ਦੇ ਬਰਾਬਰ ਹੁੰਦਾ ਸੀ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜੇਲ੍ਹ ਜਾਣ ਤੋਂ ਪਹਿਲਾਂ ਦੇ ਸਮੇਂ ਵਿਚ, ਜਦੋਂ ਭਾਈ ਸਾਹਿਬ ਖੁਦ ਪੰਜਾਂ ਵਿਚ ਸੇਵਾ ਕਰਦੇ ਹੁੰਦੇ ਸਨ ਤਾਂ ਸਾਰਾ ਸ੍ਰੀ ਅਖੰਡ ਪਾਠ ਸਾਹਿਬ ਸੁਣਨ ਵਾਲਿਆਂ ਨੂੰ ਅਤੇ ਸਰਬਲੋਹ ਬਿਬੇਕ ਸਹਿਤ ਸਮੱਗਰ ਰਹਿਤ ਰੱਖਣ ਦਾ ਪ੍ਰਣ ਕਰਨ ਵਾਲੇ ਅਭਿਲਾਖੀ ਨੂੰ ਹੀ ਅੰਮ੍ਰਿਤ ਦੀ ਦਾਤਿ ਮਿਲਦੀ ਹੁੰਦੀ ਸੀ। ਭਾਈ ਦਲੀਪ ਸਿੰਘ ਫ਼ਲੇਵਾਲ ਜੀ ਅਤੇ ਭਾਈ ਹਰਭਜਨ ਸਿੰਘ ਜੀ ਚਮਿੰਡਾ ਨੂੰ ਜਦੋਂ ਅੰਮ੍ਰਿਤ ਦੀ ਦਾਤਿ ਮਿਲੀ ਸੀ ਤਾਂ ਉਸ ਵੇਲੇ ੧੫੦ ਪ੍ਰਾਣੀਆਂ ਵਿਚੋਂ ਕੇਵਲ ਇਹ ਦੋ ਸਿੰਘ, ਪੰਜਾਂ ਪਿਆਰਿਆਂ ਵਲੋਂ ਅੰਮ੍ਰਿਤ ਦੀ ਦਾਤਿ ਲਈ ਚੁਣੇ ਗਏ ਸਨ। ਬਾਕੀਆਂ ਨੂੰ ਹਾਲੇ ਹੋਰ ਤਿਆਰੀ ਕਰਨ ਦਾ ਹੁਕਮ ਲੱਗਾ ਸੀ। ਦੇਖੋ ਇਨ੍ਹਾਂ ਦੋਹਾਂ 'ਤੇ ਕੈਸਾ ਰੰਗ ਚੜ੍ਹਿਆ ਸੀ। ਦੋਨੋਂ ਹੀ ਅੰਮ੍ਰਿਤ ਛਕ ਕੇ ਜੋਤਿ ਵਿਗਾਸੀ ਸਿੰਘ ਬਣ ਗਏ ਸਨ ਭਾਵ ਉਨ੍ਹਾਂ ਨੂੰ ਅਕਾਲੀ ਜੋਤਿ ਦੇ ਦਰਸ਼ਨ ਹੋ ਗਏ ਸਨ। ਇਸ ਦੇ ਉਲਟ ਅੱਜ-ਕੱਲ੍ਹ ਹੋਰ ਹੀ ਹਵਾ ਵਗੀ ਹੋਈ ਹੈ। ਕਿਥੇ ਤਾਂ ਅਭਿਲਾਖੀ ਅੰਮ੍ਰਿਤ ਛਕਣ ਲਈ ਮਿੰਨਤਾਂ ਪਾਇਆ ਕਰਦੇ ਸਨ ਤੇ ਕਿੱਥੇ ਹੁਣ ਪ੍ਰਚਾਰਕ ਰਹਿਤਾਂ ਵਿਚ ਢਿੱਲਾਂ ਦੇ ਕੇ ਅਤੇ ਤਰ੍ਹਾਂ-ਤਰ੍ਹਾਂ ਦੇ ਝੂਠ-ਸੱਚ ਬੋਲ ਕੇ ਲੋਕਾਂ ਨੂੰ ਅੰਮ੍ਰਿਤ ਛਕਾਉਣ ਲਈ ਬੇਨਤੀਆਂ ਕਰਦੇ ਫ਼ਿਰਦੇ ਹਨ। ਸੋ ਚਾਹੀਦਾ ਇਹੋ ਹੀ ਹੈ ਕਿ ਨਵੇਂ ਅਭਿਲਾਖੀਆਂ ਦੀ ਭਲੀ-ਭਾਂਤੀ ਜਾਂਚ-ਪੜਤਾਲ ਕਰਕੇ ਅਤੇ ਉਨ੍ਹਾਂ ਨੂੰ ਖ਼ਾਲਸੇ ਦੀ ਰਹਿਤ-ਬਹਿਤ ਦੱਸ ਕੇ ਅਤੇ ਪ੍ਰਣ ਲੈ ਕੇ ਫੇਰ ਹੀ ਅੰਮ੍ਰਿਤ ਦੀ ਦਾਤਿ ਲਈ ਮਨਜ਼ੂਰ ਕਰਨਾ ਚਾਹੀਦਾ ਹੈ।

**ਗਿਣਤੀ ਵਧਾਉਣ ਲਈ ਕੀਤੀਆਂ ਜਾਂਦੀਆਂ ਢਿੱਲਾਂ** : ਅੱਜ ਜਥੇਬੰਦੀਆਂ ਵਿਚ ਗਿਣਤੀ ਵਧਾਉਣ ਦੀ ਦੌੜ ਲੱਗੀ ਹੋਈ ਹੈ। ਅੰਮ੍ਰਿਤ ਛਕਣ ਲਈ ਪ੍ਰਚਾਰ ਕਰਨਾ ਅਤੇ ਨਵਿਆਂ ਅਭਿਲਾਖੀਆਂ ਨੂੰ ਪ੍ਰੇਰਨਾ ਦੇਣੀ, ਇਹ ਬਹੁਤ ਜ਼ਰੂਰੀ ਗੁਰਮਤਿ ਦਾ ਕਰਮ ਹੈ ਪਰ ਇਹ ਕਰਮ, ਗੁਰਮਤਿ ਮਰਯਾਦਾ ਦੀ ਕੀਮਤ 'ਤੇ ਨਹੀਂ ਕੀਤਾ ਜਾਣਾ ਚਾਹੀਦਾ। ਕੋਈ ਸਮਾਂ ਸੀ ਕਿ ਦਸਤਾਰ ਤੋਂ ਬਿਨਾਂ ਨਰ ਜਾਂ ਨਾਰੀ ਨੂੰ ਅੰਮ੍ਰਿਤ ਨਹੀਂ ਸੀ ਛਕਾਇਆ ਜਾਂਦਾ ਪਰ ਪੰਥ ਦੀਆਂ ਬਹੁਤੀਆਂ ਜਥੇਬੰਦੀਆਂ ਵਲੋਂ ਕਈ ਕਾਰਨਾਂ ਕਰਕੇ ਬੀਬੀਆਂ ਨੂੰ ਦਸਤਾਰ ਸਜਾਉਣ ਤੋਂ ਛੋਟ ਦੇ ਦਿੱਤੀ ਗਈ ਹੈ। ਇਸ ਛੋਟ ਦਾ ਸਿੱਖ ਪੰਥ ਨੂੰ ਬਹੁਤ ਨੁਕਸਾਨ ਹੋਇਆ ਹੈ। ਜਿਥੇ ਸਿੱਖ ਮਰਦ ਦਸਤਾਰ ਕਰਕੇ ਗੁਰੂ ਸਾਹਿਬ ਦਾ ਨਿਆਰੇ ਰਹਿਣ ਦਾ ਹੁਕਮ ਪੂਰਾ ਕਰਦੇ ਹਨ ਉਥੇ ਸਿੱਖ ਬੀਬੀਆਂ ਇਸ ਹੁਕਮ ਨੂੰ ਪੂਰਾ ਨਹੀਂ ਕਰਦੀਆਂ ਅਤੇ ਇਸੇ ਕਰਕੇ ਹੀ ਉਹ ਆਨਮਤੀ ਬੀਬੀਆਂ ਵਿਚ ਮਿਲਗੋਭਾ ਹੋਈਆਂ ਰਹਿੰਦੀਆਂ ਹਨ ਅਤੇ ਹੁਣ ਸਥਿਤੀ ਇਹ ਬਣ ਗਈ ਹੈ ਕਿ ਸਿੱਖ ਬੀਬੀਆਂ ਕਰਵਾ ਚੌਥ ਦੇ ਵਰਤ ਤੋਂ ਲੈ ਕੇ ਰੱਖੜੀ ਬੰਨ੍ਹਣਾ ਤੱਕ ਹਰ ਆਨਮਤੀ ਕਰਮਾਂ ਵਿਚ ਖਚਿਤ ਹੋਈਆਂ ਪਈਆਂ ਹਨ। 'ਮਾਂ' ਹੀ ਬੱਚੇ ਦੀ ਸਭ ਤੋਂ ਪਹਿਲੀ ਉਸਤਾਦ ਹੁੰਦੀ ਹੈ ਜਿਸ ਕਰਕੇ ਸਾਡੀ ਸਿੱਖ ਪਨੀਰੀ ਵੀ ਗੁਰਮਤਿ ਦੇ ਅਸੂਲਾਂ ਤੋਂ ਹੀਣੀ ਹੁੰਦੀ ਜਾ ਰਹੀ ਹੈ। ਹੋਰ ਦੇਖੋ, ਖ਼ਾਲਸੇ ਦੇ ਨਿਆਰੇਪਨ ਨੂੰ ਕਾਇਮ ਰੱਖਣ ਲਈ ਅਤੇ ਸਿੱਖਾਂ ਨੂੰ ਆਨਮਤੀਆਂ ਵਿਚ ਜਜ਼ਬ ਹੋਣ ਤੋਂ ਬਚਾਉਣ ਲਈ ਗੁਰੂ ਸਾਹਿਬ ਨੇ ਗੁਰਮਤਿ ਆਹਾਰ ਬਿਬੇਕ ਦੀ ਬਖਸ਼ਿਸ਼ ਕੀਤੀ ਸੀ, ਭਾਵ – ਖ਼ਾਲਸਾ ਜੀ ਨੂੰ ਨਿਗੁਰਿਆਂ, ਨੜੀਮਾਰਾਂ, ਕੁੜੀਮਾਰਾਂ, ਸਿਰਗੁੰਮਾਂ ਅਤੇ ਮਲਕ-ਭਾਗੋਆਂ ਹੱਥੋਂ ਛਕਣ ਤੋਂ ਵਰਜਿਆ ਸੀ ਪਰ ਅੱਜ-ਕੱਲ੍ਹ ਦੇ ਅੰਮ੍ਰਿਤ ਸੰਚਾਰਾਂ ਵਿਚ ਇਹ ਰਹਿਤ ਦ੍ਰਿੜ੍ਹਾਈ ਹੀ ਨਹੀਂ ਜਾਂਦੀ। ਕਿੱਥੇ ਤਾਂ ਨੜੀਮਾਰਾਂ, ਕੁੜੀਮਾਰਾਂ, ਸਿਰਗੁੰਮਾਂ (ਮੋਨਿਆਂ) ਅਤੇ ਨਿਗੁਰਿਆਂ ਤੋਂ ਛਕਣ ਦਾ ਆਮ ਸਿੱਖਾਂ ਨੂੰ ਵੀ ਵਰਜਿਆ ਗਿਆ ਹੈ ਅਤੇ ਕਿੱਥੇ ਅੱਜ-ਕੱਲ੍ਹ, ਪੰਜ-ਪਿਆਰਿਆਂ ਵਿਚ ਸੇਵਾ ਕਰਨ ਵਾਲੇ ਬਹੁਤੇ ਸਿੱਖ ਖੁਦ ਨੜੀਮਾਰਾਂ, ਮੋਨਿਆਂ ਤੋਂ ਛਕਣ ਤੋਂ ਪਰਹੇਜ਼ ਨਾ ਕਰਨ ਵਾਲੇ ਹਨ। ਜੋ ਖੁਦ ਨਿਗੁਰਿਆਂ ਨਾਲ ਵਰਤਦੇ ਹਨ, ਉਨ੍ਹਾਂ ਨੇ ਹੋਰਨਾਂ ਨੂੰ ਕੀ ਸਿੱਖਿਆ ਦੇਣੀ ਹੈ।

ਇਕ ਮਸ਼ਹੂਰ ਸੰਤ ਦੀ ਸੰਸਥਾ ਵਲੋਂ ਇੰਗਲੈਂਡ ਵਿਚ ਕੀਤੇ ਗਏ ਅੰਮ੍ਰਿਤ ਸੰਚਾਰ 'ਤੇ ਪੇਸ਼ ਹੋਏ ਵਿਅਕਤੀ ਨੇ ਬੇਨਤੀ ਕੀਤੀ ਕਿ ਉਸ ਦੀ ਇਕ ਦੁਕਾਨ ਹੈ ਜਿਸ ਵਿਚ ਉਹ ਸਿਗਰਟਾਂ ਵੀ ਵੇਚਦਾ ਹੈ। ਉਸ ਨੇ ਸਿਗਰਟਾਂ ਵੇਚਣ ਦੀ ਇਜਾਜ਼ਤ ਇਹ ਕਹਿ ਕੇ ਮੰਗੀ ਕਿ, ਨਹੀਂ ਤਾਂ ਉਸ ਦੇ ਕਾਰੋਬਾਰ ਨੂੰ ਹਾਨੀ ਹੋਵੇਗੀ। ਉਸ ਦੀ ਬੇਨਤੀ ਮਨਜ਼ੂਰ ਕਰਦਿਆਂ ਹੋਇਆਂ ਪੰਜਾਂ ਨੇ ਉਸ ਨੂੰ ਸਿਗਰਟਾਂ ਵੇਚਣ ਦੀ ਖੁੱਲ੍ਹ ਦੇ ਦਿੱਤੀ। ਦੱਸੋ, ਸਾਡੀ ਇਹ ਕੈਸੀ ਅਧੋਗਤੀ ਵਾਲੀ ਹਾਲਤ ਬਣੀ ਹੋਈ ਹੈ? ਕੀ ਅਜਿਹੇ ਢਿੱਲੇ ਪੁਰਖਾਂ ਨੂੰ ਅੰਮ੍ਰਿਤ ਛਕਾਉਣ ਨਾਲ ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਹੋ ਸਕਦੀ ਹੈ? ਕਦੇ ਨਹੀਂ! ਸਗੋਂ ਇਸ ਨਾਲ ਸਿੱਖ ਕੌਮ ਦਾ ਘਾਣ ਹੋ ਰਿਹਾ ਹੈ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਲਫ਼ਜ਼ਾਂ ਵਿਚ ਇਹ ਸਿੱਖੀ ਦਾ ਪ੍ਰਚਾਰ ਨਹੀਂ ਪ੍ਰਹਾਰ ਹੈ। ਅਠਾਰ੍ਹਵੀਂ ਸਦੀ ਵਿਚ ਖ਼ਾਲਸਾ ਪੰਥ ਦੀ ਆਬਾਦੀ ਹੁਣ ਨਾਲੋਂ ਸੌਵਾਂ ਹਿੱਸਾ ਸੀ ਪਰ ਉਹ ਉਸ ਵੇਲੇ ਦਾ ਇਕੱਲਾ-ਇਕੱਲਾ ਸਿੱਖ ਇਕ ਥੰਮ ਹੁੰਦਾ ਸੀ ਪਰ ਅੱਜ ਅੰਮ੍ਰਿਤਧਾਰੀਆਂ ਦੀ ਗਿਣਤੀ ਬਹੁਤ ਹੈ ਪਰ ਸਾਡਾ ਆਤਮਿਕ ਜੀਵਨ ਬਹੁਤ ਥੱਲੇ ਆ ਗਿਆ ਹੈ ਅਤੇ ਉਸ ਦਾ ਇਕ ਕਾਰਨ ਨਾਲਾਇਕ ਅਭਿਲਾਖੀਆਂ ਨੂੰ ਅੰਮ੍ਰਿਤ ਛਕਾ ਕੇ ਖ਼ਾਲਸਾ ਪੰਥ ਵਿਚ ਸ਼ਾਮਲ ਕਰਨਾ ਹੈ।

**ਪੰਜਾਂ ਪਿਆਰਿਆਂ ਦੀ ਚੋਣ** : ਪੰਜ ਪਿਆਰਿਆਂ ਵਿਚ ਸੇਵਾ ਕਰਨ ਵਾਲੇ ਅੱਵਲ ਤਾਂ ਪੂਰੇ ਸੂਰੇ, ਪਹੁੰਚੇ ਹੋਏ ਗੁਰਮੁਖ ਪਿਆਰੇ ਹੀ ਹੋਣੇ ਚਾਹੀਦੇ ਹਨ ਪਰ ਇਸ ਘੋਰ ਕਲਿਜੁਗ ਵਿਚ ਐਸਾ ਸਰੰਜਾਮ ਤਾਂ ਹੀ ਮੁਮਕਿਨ ਹੋ ਸਕਦਾ ਹੈ ਜੇਕਰ ਆਪ ਵਾਹਿਗੁਰੂ ਆਪਣੀ ਕਲਾ ਵਰਤਾਵੇ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜੇਲ੍ਹ ਜਾਣ ਤੋਂ ਪਹਿਲਾਂ ਦੇ ਸਮੇਂ ਵਿਚ ਜੋਤਿ ਵਿਗਾਸੀ ਅਤੇ ਦਸਮ ਦੁਆਰੀ ਗੁਰਮੁਖ ਹੀ ਪੰਜਾਂ ਵਿਚ ਸੇਵਾ ਕਰਦੇ ਹੁੰਦੇ ਸਨ। ਉਹ ਇਕ ਬਹੁਤ ਸੁਭਾਗਾ ਸਮਾਂ ਸੀ ਅਤੇ ਪਰਮਾਤਮਾ ਦੀ ਆਪਣੀ ਮੌਜ ਸੀ। ਇਸ ਘੋਰ ਕਲਿਜੁਗ ਵਿਚ, ਆਤਮ-ਦਰਸ਼ੀ ਨਾ ਸਹੀ, ਘੱਟੋ ਘੱਟ ਸਰਬਲੋਹ ਬਿਬੇਕ ਸਹਿਤ ਰਹਿਤ-ਬਹਿਤ ਵਿਚ ਤਿਆਰ-ਬਰ-ਤਿਆਰ, ਅੰਮ੍ਰਿਤ ਵੇਲੇ ਵਿਚ ਪਰਪੱਕ, ਵਿਕਾਰਾਂ ਤੋਂ ਬਚੇ ਹੋਏ ਗੁਰਮੁਖਾਂ ਨੂੰ ਹੀ ਪੰਜਾਂ ਵਿਚ ਸੇਵਾ ਕਰਨੀ ਚਾਹੀਦੀ ਹੈ। ਜਿਹੜੇ ਨਾ ਅੰਮ੍ਰਿਤ ਵੇਲਾ ਹੀ ਪਰਪੱਕਤਾ ਨਾਲ ਕਰਦੇ ਹਨ, ਨਾ ਵਿਕਾਰਾਂ ਤੋਂ ਹੀ ਬਚੇ ਹਨ, ਅਤੇ ਨਾ ਨਾਮ-ਬਾਣੀ ਦੇ ਅਭਿਆਸੀ ਹੀ ਹਨ, ਉਨ੍ਹਾਂ ਨੂੰ ਪੰਜਾਂ ਦੀ ਸੇਵਾ ਵਿਚ ਨਹੀਂ ਲਾਉਣਾ ਚਾਹੀਦਾ। ਚੜ੍ਹਦੀ ਕਲਾ ਵਾਲੇ ਪੰਜ ਪਿਆਰੇ ਹੀ ਚੜ੍ਹਦੀ ਕਲਾ ਵਾਲਾ ਅੰਮ੍ਰਿਤ ਸੰਚਾਰ ਕਰ ਸਕਦੇ ਹਨ।

**ਨਾਮ ਅਭਿਆਸ ਦੀ ਗੁਰਮਤਿ ਜੁਗਤੀ** : ਆਮ ਦੇਖਣ ਵਿਚ ਆਉਂਦਾ ਹੈ ਕਿ ਅੰਮ੍ਰਿਤ ਛਕ ਕੇ ਵੀ, ਨਾਮ ਸਿਮਰਨ ਦਾ ਰਸੀਆ ਕੋਈ ਵਿਰਲਾ ਹੀ ਬਣਦਾ ਹੈ ਅਤੇ ਵੱਡੇ ਭਾਗਾਂ ਕਰਕੇ, ਜੋ ਕੋਈ ਨਾਮ ਸਿਮਰਨ ਵਾਲੇ ਪਾਸੇ ਖਿੱਚਿਆ ਜਾਂਦਾ ਹੈ, ਉਹ ਅਕਸਰ ਨਾਮ ਸਿਮਰਨ ਬਾਰੇ ਸਵਾਲ ਲੈ ਕੇ ਸਾਧਾਂ-ਸੰਤਾਂ ਪਾਸ ਤੁਰਿਆ ਫਿਰਦਾ ਹੈ। ਅਨੇਕਾਂ ਹੀ ਨਾਮ ਸਿਮਰਨ ਕਰਨ ਦੇ ਚਾਹਵਾਨਾਂ ਦੇ ਮਨ ਦਾ ਸਵਾਲ ਹੁੰਦਾ ਹੈ ਕਿ "ਜੀ ਨਾਮ ਕਿਵੇਂ ਜਪੀ ਦਾ ਹੈ?", "ਨਾਮ ਜਪਣ ਸਮੇਂ, ਧਿਆਨ ਕਿਥੇ ਟਿਕਾਈਦਾ ਹੈ?" ਜਾਂ "ਸਵਾਸ ਸਵਾਸ ਸਿਮਰਨ ਕਿਵੇਂ ਕਰੀਦਾ ਹੈ?"। ਜਿਸ ਪ੍ਰਾਣੀ ਨੇ ਵੀ ਗੁਰਮਤਿ ਮਰਯਾਦਾ ਅਨੁਸਾਰ ਅੰਮ੍ਰਿਤ ਛਕਿਆ ਹੋਵੇ, ਉਹ ਕਦੇ ਵੀ ਉਪਰ ਲਿਖੇ ਸਵਾਲ ਨਹੀਂ ਕਰੇਗਾ ਕਿਉਂਕਿ ਅੰਮ੍ਰਿਤ ਛਕਣ ਤੋਂ ਉਪਰੰਤ, ਜਦੋਂ ਪੰਜ ਪਿਆਰੇ ਨਾਮ

ਗੁਰਮੰਤ੍ਰ ਦੀ ਬਖਸ਼ਿਸ਼ ਕਰਦੇ ਹਨ ਤਾਂ ਉਸ ਵੇਲੇ ਉਹ ਨਾਮ ਜਪਣ ਦੀ ਗੁਰਮਤਿ ਜੁਗਤੀ ਦਾ ਇੰਕਸ਼ਾਫ (ਪ੍ਰਗਟਾਵਾ) ਵੀ ਅਭਿਲਾਖੀ ਤਾਂਈਂ ਕਰਦੇ ਹਨ। ਜੇਕਰ ਕਿਸੇ ਕੋਲ ਬਹੁਤ ਆਹਲਾ 'ਕਾਰ' ਹੋਵੇ ਪਰ ਉਸ ਨੂੰ ਉਹ ਕਾਰ ਚਲਾਉਣ ਦੀ ਜਾਚ ਨਾ ਹੋਵੇ ਤਾਂ ਦੱਸੋ ਉਹ ਕਾਰ ਉਸ ਦੇ ਕਿਸ ਕੰਮ ਆਵੇਗੀ? ਇਸੇ ਤਰ੍ਹਾਂ ਹੀ ਜੇਕਰ ਪੰਜਾਂ ਪਿਆਰਿਆਂ ਪਾਸੋਂ ਨਾਮ ਗੁਰਮੰਤ੍ਰ ਦੀ ਬਖਸ਼ਿਸ਼ ਹੋ ਜਾਵੇ ਪਰ ਨਾਮ ਜਪਣ ਦੀ ਜਾਚ ਨਾ ਸਿਖਾਈ ਜਾਵੇ ਤਾਂ ਦੱਸੋ ਅਭਿਲਾਖੀ ਜਨ ਨਾਮ ਨੂੰ ਜਪ ਕੇ ਕਿਸ ਤਰ੍ਹਾਂ ਲਾਭ ਪ੍ਰਾਪਤ ਕਰੇਗਾ? ਇਸੇ ਲਈ ਹੀ ਦੇਖਿਆ ਜਾਂਦਾ ਹੈ ਕਿ ਆਮ ਅੰਮ੍ਰਿਤਧਾਰੀ ਗੁਰਬਾਣੀ ਦਾ ਪਾਠ ਤਾਂ ਕਰਦੇ ਦੇਖੇ ਜਾਂਦੇ ਹਨ ਪਰ ਨਾਮ ਅਭਿਆਸੀ ਨਹੀਂ ਹੁੰਦੇ। ਅਖੰਡ ਕੀਰਤਨੀ ਜਥੇ ਵਾਂਗ ਟਾਂਵੀਆਂ ਹੀ ਜਥੇਬੰਦੀਆਂ ਹਨ ਜੋ ਕਿ ਅੰਮ੍ਰਿਤ ਸੰਚਾਰ ਦੌਰਾਨ ਨਾਮ ਅਤੇ ਨਾਮ ਦੀ ਜੁਗਤੀ ਦਾ ਪ੍ਰਗਟਾਵਾ ਕਰਦੀਆਂ ਹਨ। ਜੇਕਰ ਕਿਤੇ ਸਾਰੀਆਂ ਜਥੇਬੰਦੀਆਂ ਹੀ ਨਾਮ ਅਤੇ ਨਾਮ ਦੀ ਗੁਰਮਤਿ ਜੁਗਤੀ ਦੱਸਣ ਲੱਗ ਜਾਣ ਤਾਂ ਪੰਥ ਵਿਚੋਂ ਬਹੁਤੇ ਪਾਖੰਡੀ ਸੰਤਾਂ ਦਾ ਸਫ਼ਾਇਆ ਹੋ ਜਾਵੇ।

ਗੁਰਮਤਿ ਬਾਣੇ ਲਾਜ਼ਮੀ : ਗੁਰਮੁਖੀ ਬਾਣਾ ਸਿੱਖ ਰਹਿਤ ਦਾ ਇਕ ਹਿੱਸਾ ਹੈ। ਆਮ ਤੌਰ 'ਤੇ ਪੈਂਟ ਕਮੀਜ਼ਾਂ ਵਾਲਿਆਂ ਨੂੰ ਸਿਰਫ਼ ਪੈਂਟ ਲੁਹਾ ਕੇ, ਬੁਰਸ਼ਟ ਨਾਲ ਹੀ ਅੰਮ੍ਰਿਤ ਛਕਾ ਦਿੱਤਾ ਜਾਂਦਾ ਹੈ। ਇਸ ਗੱਲ ਦਾ ਖ਼ਾਸ ਖਿਆਲ ਰੱਖਣਾ ਚਾਹੀਦਾ ਹੈ ਕਿ ਅੰਮ੍ਰਿਤ ਸੰਚਾਰ 'ਤੇ ਬਾਣੇ ਸਹਿਤ ਹੀ ਅੰਮ੍ਰਿਤ ਛਕਾਇਆ ਜਾਵੇ ਅਤੇ ਪੈਂਟਾਂ ਕਮੀਜ਼ਾਂ ਵਾਲੇ ਨਰ-ਨਾਰੀ ਅਤੇ ਭੜਕੀਲੇ ਸੂਟਾਂ ਵਾਲੀਆਂ ਬੀਬੀਆਂ ਨੂੰ ਅੰਮ੍ਰਿਤ ਨਹੀਂ ਛਕਾਉਣਾ ਚਾਹੀਦਾ। ਜੇਕਰ ਸਿੱਖ ਧਰਮ ਵਿਚ ਪ੍ਰਵੇਸ਼ ਕਰਨ ਵੇਲੇ ਹੀ ਗ਼ਲਤ ਲਿਬਾਸ ਪਹਿਨਿਆ ਹੋਇਆ ਸਵੀਕਾਰ ਕਰ ਲਿਆ ਤਾਂ ਦੱਸੋ ਬਾਅਦ ਵਿਚ ਇਹ ਨਵੇਂ ਅੰਮ੍ਰਿਤਧਾਰੀ ਪੰਥ ਦਾ ਕੀ ਭਲਾ ਕਰਨਗੇ?

ਅੰਮ੍ਰਿਤ ਸੰਚਾਰ ਬਾਰੇ ਅਤੇ ਇਸ ਨਾਲ ਸਬੰਧਤ ਮਸਲਿਆਂ ਬਾਰੇ ਕੁਝ ਸੰਖੇਪ ਵਿਚਾਰ ਹੇਠਾਂ ਦਰਜ ਹਨ ਜੀ :

**ਖੰਡੇ ਦੀ ਪਾਹੁਲ ਕਿ ਅੰਮ੍ਰਿਤ ਛਕਣਾ** : ਇਹ ਇਕ ਬੇਲੋੜਾ ਮਸਲਾ ਕੁਝ ਸੱਜਣਾਂ ਵਲੋਂ ਅਕਸਰ ਹੀ ਖੜ੍ਹਾ ਕੀਤਾ ਜਾਂਦਾ ਹੈ। ਉਹ ਕਹਿੰਦੇ ਹਨ ਕਿ ਬਾਣੀ ਮੁਤਾਬਕ ਕੇਵਲ ਨਾਮ ਗੁਰਬਾਣੀ ਹੀ ਅੰਮ੍ਰਿਤ ਹੈ, ਹੋਰ ਕੋਈ ਅੰਮ੍ਰਿਤ ਨਹੀਂ। ਉਹ ਇਨ੍ਹਾਂ ਪੰਕਤੀਆਂ ਵਿਚ ਆਏ "ਅੰਮ੍ਰਿਤ" ਸ਼ਬਦ ਦਾ ਕੀ ਅਰਥ ਕੱਢਣਗੇ?

**ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ॥ ਤਿਸੁ ਠਾਕੁਰ ਕਉ ਰਖੁ ਮਨ ਮਾਹਿ॥ (ਗਉੜੀ ਸੁਖਮਨੀ ਮਹਲਾ ੫, ਅੰਕ : ੨੬੯)**

***

**ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ॥ (ਮਹਲਾ ੧, ਅੰਗ : ੪੮੯)**

ਪਹਿਲੀ ਪੰਕਤੀ ਵਿਚ "ਅੰਮ੍ਰਿਤ" ਤੋਂ ਭਾਵ ਹੈ ਛਤੀਹ ਪ੍ਰਕਾਰ ਦੇ ਸਵਾਦਿਸ਼ਟ ਭੋਜਨ ਅਤੇ ਦੂਸਰੀ ਪੰਕਤੀ ਵਿਚ "ਅੰਮ੍ਰਿਤੁ" ਦਾ ਭਾਵ ਹੈ ਦੁੱਧ। ਸੋ ਇਨ੍ਹਾਂ ਪੰਕਤੀਆਂ ਤੋਂ ਸਿੱਧ ਹੋ ਜਾਂਦਾ ਹੈ ਕਿ "ਅੰਮ੍ਰਿਤ" ਸ਼ਬਦ ਕੇਵਲ ਨਾਮ ਗੁਰਬਾਣੀ ਵਾਸਤੇ ਹੀ ਨਹੀਂ ਵਰਤਿਆ ਜਾਂਦਾ ਬਲਕਿ ਇਸ ਦਾ ਹੋਰ ਪ੍ਰਯੋਗ ਵੀ ਹੈ। ਇਹ ਠੀਕ ਹੈ ਕਿ ਆਮ ਤੌਰ 'ਤੇ ਪੁਰਾਤਨ ਸਮੇਂ ਵਿਚ ਅੰਮ੍ਰਿਤ ਛਕਣ ਨੂੰ ਖੰਡੇ ਦੀ ਪਾਹੁਲ ਕਿਹਾ ਜਾਂਦਾ ਸੀ ਪਰ ਸ਼ੁਰੂ ਤੋਂ ਹੀ ਖੰਡੇ ਦੀ ਪਾਹੁਲ ਨੂੰ ਅੰਮ੍ਰਿਤ ਛਕਣਾ ਵੀ ਕਿਹਾ ਜਾਂਦਾ ਹੈ (ਦੇਖੋ ਕਾਬੁਲ ਦੀ ਸੰਗਤ ਨੂੰ ਸ੍ਰੀ ਗੁਰੂ ਦਸਮੇਸ਼ ਜੀ ਦਾ ਹੁਕਮਨਾਮਾ) ਅਤੇ ਇਸ ਵਿਚ ਕੁਝ ਵੀ ਗੁਰਮਤਿ ਦੇ ਉਲਟ ਨਹੀਂ ਹੈ। ਆਪਾਂ ਨੂੰ ਬੇਲੋੜੇ ਮਸਲੇ ਖੜ੍ਹੇ ਨਹੀਂ ਕਰਨੇ ਚਾਹੀਦੇ।

ਅੰਮ੍ਰਿਤਧਾਰੀ ਕਿ ਰਹਿਤਧਾਰੀ: ਸਾਰਾ ਪੰਥ ਅੰਮ੍ਰਿਤ ਛਕਣ 'ਤੇ ਜ਼ੋਰ ਲਾਈ ਜਾਂਦਾ ਹੈ ਪਰ ਇਹ ਕੋਈ ਨਹੀਂ ਕਹਿੰਦਾ ਕਿ ਅੰਮ੍ਰਿਤਧਾਰੀ ਹੋ ਕੇ ਜੋ ਰਹਿਤਧਾਰੀ ਨਹੀਂ ਹੈ, ਉਹ ਗੁਰੂ ਨੂੰ ਪਿਆਰਾ ਨਹੀਂ ਹੈ ਜੈਸਾ ਕਿ ਗੁਰਵਾਕ ਹੈ: "ਰਹਿਤ ਪਿਆਰੀ ਮੁਝ ਕੋ ਸਿਖ ਪਿਆਰਾ ਨਾਹਿ॥" ਜਿੰਨਾ ਜ਼ੋਰ ਅਸੀਂ ਅੰਮ੍ਰਿਤ ਛਕਾਉਣ 'ਤੇ ਲਾਉਂਦਾ ਹਾਂ, ਉਸ ਨਾਲੋਂ ਵੱਧ ਜ਼ੋਰ ਇਸ ਗੱਲ 'ਤੇ ਲਾਉਣਾ ਚਾਹੀਦਾ ਹੈ ਕਿ ਅੰਮ੍ਰਿਤ ਛਕ ਕੇ ਸ੍ਰੀ ਗੁਰੂ ਦਸਮੇਸ਼ ਜੀ ਦੀ ਰਹਿਤ ਵਿਚ ਪਰਪੱਕ ਰਹਿਣਾ ਸਾਡਾ ਫ਼ਰਜ਼ ਹੈ ਪਰ ਜਦ ਪ੍ਰਚਾਰਕ ਖੁਦ ਹੀ ਅੰਮ੍ਰਿਤ ਵੇਲੇ ਉਠਣ ਵਾਲੇ ਜਾਂ ਨੜੀਮਾਰਾਂ ਅਤੇ ਸਿਰਗੁਮਾਂ ਤੋਂ ਛਕਣ ਦਾ ਪਰਹੇਜ਼ ਨਾ ਕਰਨ ਵਾਲੇ ਹਨ ਤਾਂ ਉਨ੍ਹਾਂ ਨੇ ਕਿਸੇ ਨੂੰ ਕੀ ਉਪਦੇਸ਼ ਕਰਨਾ ਹੈ? ਜਦੋਂ ਤੱਕ ਸਾਡੇ ਜੀਵਨ ਵਿਚ ਨਾਮ ਗੁਰਬਾਣੀ ਦੀ ਪ੍ਰਧਾਨਤਾ ਨਹੀਂ ਹੁੰਦੀ ਅਤੇ ਜਦੋਂ ਤੱਕ ਅਸੀਂ ਸ੍ਰੀ ਗੁਰੂ ਦਸਮੇਸ਼ ਜੀ ਦੀ ਰਹਿਤ ਦੇ ਪੂਰੀ ਤਰ੍ਹਾਂ ਧਾਰਨੀ ਨਹੀਂ ਹੁੰਦੇ, ਉਦੋਂ ਤੱਕ ਸਾਡਾ ਤੇਜ ਪ੍ਰਤਾਪ ਨਹੀਂ ਹੋ ਸਕਦਾ। ਉਦੋਂ ਤੱਕ ਖ਼ਾਲਸਾ ਪੰਥ ਦੀ ਪ੍ਰਾਧੀਨਤਾ ਦਾ ਅੰਤ ਨਹੀਂ ਹੋਣਾ।

**ਬੱਚਿਆਂ ਨੂੰ ਅੰਮ੍ਰਿਤ ਛਕਾਉਣਾ ਬਾਰੇ** : ਆਮ ਤੌਰ 'ਤੇ ਲੋਕ ਇਹ ਕਹਿੰਦੇ ਸੁਣੇ ਜਾਂਦੇ ਹਨ ਕਿ ਬੱਚਿਆਂ ਨੂੰ ਅੰਮ੍ਰਿਤ ਨਹੀਂ ਛਕਾਉਣਾ ਚਾਹੀਦਾ ਅਤੇ ਜਦੋਂ ਉਹ ਵੱਡੇ ਹੋ ਜਾਣ ਤਾਂ ਉਹ ਆਪਣੀ ਮਰਜ਼ੀ ਨਾਲ ਅੰਮ੍ਰਿਤ ਛਕ ਸਕਦੇ ਹਨ। ਹੋਰ ਪੱਖ ਵਾਲੇ ਗੁਰਸਿੱਖ ਕਹਿੰਦੇ ਅਤੇ ਪ੍ਰਚਾਰਦੇ ਹਨ ਕਿ ਬੱਚਿਆਂ ਨੂੰ ਕੇਵਲ ਚੂਲਾ ਹੀ ਛਕਾਉਣਾ ਚਾਹੀਦਾ ਹੈ ਅਤੇ ਵੱਡੇ ਹੋ ਕੇ ਉਨ੍ਹਾਂ ਨੂੰ ਪੂਰਾ ਅੰਮ੍ਰਿਤ ਛਕਾਉਣਾ ਚਾਹੀਦਾ ਹੈ। ਇਹ ਦੋਨੋਂ ਹੀ ਗੱਲਾਂ ਗੁਰਮਤਿ ਅਨੁਸਾਰੀ ਨਹੀਂ ਹਨ। ਅਸਲ ਵਿਚ ਬੱਚੇ ਨੂੰ ਪਹਿਲੇ ਅਵਸਰ 'ਤੇ ਪੂਰਾ ਅੰਮ੍ਰਿਤ ਛਕਾਉਣਾ ਚਾਹੀਦਾ ਹੈ। ਜਦੋਂ ਬੱਚਾ ਮੁੱਢਲੀ ਰਹਿਤ ਰੱਖਣ ਜੋਗਾ ਹੋ ਜਾਵੇ ਤਾਂ ਉਸ ਨੂੰ ਦੁਬਾਰਾ ਪੰਜਾਂ ਦੇ ਪੇਸ਼ ਕਰਵਾ ਕੇ ਸਾਵਧਾਨ ਕੀਤਾ ਜਾਂਦਾ ਹੈ। ਇਸ ਮੌਕੇ 'ਤੇ ਬੱਚੇ ਨੂੰ ਚੂਲਾ ਦਿੱਤਾ ਜਾਂਦਾ ਹੈ (ਕਿਉਂਕਿ ਪੂਰਾ ਅੰਮ੍ਰਿਤ ਤਾਂ ਉਸ ਨੂੰ ਬਚਪਨ ਵਿਚ ਹੀ ਮਿਲ ਜਾਂਦਾ ਹੈ) ਅਤੇ ਅੱਗੋਂ ਲਈ ਨਿੱਤਨੇਮ, ਕਕਾਰ ਆਦਿ ਰਹਿਤਾਂ ਵਿਚ ਪਰਪੱਕ ਹੋਣ ਦਾ ਹੁਕਮ ਦਿੱਤਾ ਜਾਂਦਾ ਹੈ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸਮੇਂ ਦੀਆਂ ਕਈ ਘਟਨਾਵਾਂ ਹਨ ਜਿਵੇਂ ਕਿ ਭਾਈ ਹੀਰਾ ਹਰਿਬਚਨ ਸਿੰਘ ਜੀ ਦੇ ਘਰੇ ਬੱਚੇ ਜੰਮਦੇ ਹੀ ਚੜ੍ਹਾਈ ਕਰ ਜਾਂਦੇ ਸਨ। ਪੁੱਛਣ 'ਤੇ ਭਾਈ ਸਾਹਿਬ ਹੁਰਾਂ ਨੇ ਦੱਸਿਆ ਸੀ ਕਿ ਇਹ ਬੱਚੇ ਪਿਛਲੇ ਜਨਮਾਂ ਦੀ ਅਥਾਹ ਕਮਾਈ ਵਾਲੇ ਸਨ ਅਤੇ ਇਹ ਕੇਵਲ ਅੰਮ੍ਰਿਤ ਹੀ ਛਕਣ ਆਏ ਸਨ। ਇਸ ਤੋਂ ਸਿੱਧ ਹੁੰਦਾ ਹੈ ਕਿ ਪੁਰਾਤਨ ਸਮੇਂ ਬੱਚਿਆਂ ਨੂੰ ਪੂਰਾ ਅੰਮ੍ਰਿਤ ਛਕਾਇਆ ਜਾਂਦਾ ਸੀ ਨਾ ਕਿ ਕੇਵਲ ਚੂਲਾ ਹੀ ਅਤੇ ਪੁਰਾਤਨ ਸਿੰਘਾਂ ਦੀਆਂ ਨਿੱਜ ਸ਼ਹਾਦਤਾਂ ਵੀ ਇਹੋ ਹੀ ਸਿੱਧ ਕਰਦੀਆਂ ਹਨ।

ਲੜੀਦਾਰ ਸਰੂਪ ਦਾ ਪ੍ਰਕਾਸ਼ : ਇਹ ਖ਼ਾਸ ਖਿਆਲ ਰੱਖਣਾ ਚਾਹੀਦਾ ਹੈ ਕਿ ਸੰਨ ੧੭੦੮ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ ਨੂੰ ਗੁਰਤਾ-ਗੱਦੀ ਮਿਲੀ ਸੀ; ਸੋ ਇਸ ਕਰਕੇ, ਅੰਮ੍ਰਿਤ ਸੰਚਾਰ ਸਮਾਗਮਾਂ ਵਿਚ ਲਾਜ਼ਮੀ ਤੌਰ 'ਤੇ ਗੁਰੂ ਸਾਹਿਬ ਦੇ ਲੜੀਦਾਰ ਸਰੂਪ ਦਾ ਹੀ ਪ੍ਰਕਾਸ਼ ਹੋਣਾ ਚਾਹੀਦਾ ਹੈ ਨਹੀਂ ਤਾਂ ਇਲਾਹੀ ਕਲਾ ਨਹੀਂ ਵਰਤਦੀ।

ਸਿੱਖ ਧਰਮ ਵਿਚ ਪ੍ਰਵੇਸ਼ ਕਰਨ ਦੇ ਸੰਸਕਾਰ ਦਾ ਨਾਮ 'ਅੰਮ੍ਰਿਤ ਸੰਸਕਾਰ' ਹੈ ਅਤੇ ਜੇਕਰ ਇਸ ਅਤਿ ਜ਼ਰੂਰੀ ਸੰਸਕਾਰ ਵਿਚ ਢਿੱਲ ਹੋਵੇਗੀ ਤਾਂ ਇਸ ਤੋਂ ਜਨਮ ਲੈਣ ਵਾਲਿਆਂ ਵਿਚ ਵੀ ਉਹੋ ਢਿੱਲ ਹੀ ਵਰਤੇਗੀ। ਢਿੱਲ ਨੇ ਅੱਗੋਂ ਢਿੱਲ ਹੀ ਵਰਤਾਉਣੀ ਹੈ। ਸੋ ਜੇਕਰ ਖ਼ਾਲਸਾ ਪੰਥ, ਧੜ੍ਹਿਆਂ ਤੋਂ ਉਪਰ ਉਠ ਕੇ, ਪੰਥ ਦੀ ਚੜ੍ਹਦੀ ਕਲਾ ਦੀ ਖਾਤਰ, ਅੰਮ੍ਰਿਤ ਸੰਚਾਰ ਸਮਾਗਮ ਦੀਆਂ ਢਿੱਲਾਂ ਨੂੰ ਦੂਰ ਕਰ ਲਵੇ ਅਤੇ ਤਿਆਰ-ਬਰ-ਤਿਆਰ ਗੁਰਮੁਖਾਂ ਪਾਸੋਂ ਪੰਜਾਂ ਪਿਆਰਿਆਂ ਦੀ ਸੇਵਾ ਲਵੇ ਤਾਂ ਪੰਥ ਦਾ ਬਹੁਤ ਭਲਾ ਹੋ ਸਕਦਾ ਹੈ। ਆਸ ਹੈ ਕਿ ਪੰਥ ਇਸ ਵੱਲ ਧਿਆਨ ਦੇਵੇਗਾ।

# ਪੰਥ ਖ਼ਾਲਸਾ ਸਾਜੂੰ ਬਾਗ਼ੀ ਬੱਬਰ ਸ਼ੇਰਾਂ ਦਾ

ਪੰਥ ਖ਼ਾਲਸਾ ਸਾਜੂੰ ਬਾਗ਼ੀ ਬੱਬਰ ਸ਼ੇਰਾਂ ਦਾ...
ਪੰਜ ਬਰਾਦਰੀਆਂ ਵਿਚੋਂ ਚੁਣ ਕੇ ਪੰਜ ਪਿਆਰੇ ਮੈਂ...
ਅੰਮ੍ਰਿਤ ਪਿਲਾ ਕੇ ਇਕੋ ਕੌਮ ਬਣਾ ਦੂੰ ਸਾਰੇ ਮੈਂ...
ਭੇਦ ਮਿਟਾ ਕੇ ਜਾਤਾਂ ਗੋਤਾਂ ਮੇਰਾਂ-ਤੇਰਾਂ ਦਾ...
ਪੰਥ ਖ਼ਾਲਸਾ ਸਾਜੂੰ ਬਾਗ਼ੀ ਬੱਬਰ ਸ਼ੇਰਾਂ ਦਾ...

ਚਰਖੜੀਆਂ 'ਤੇ ਚੜ੍ਹ ਕੇ ਸਿਦਕੀ ਸੀਅ ਨਾ ਕਹਿਣਗੇ...
ਬੰਦ-ਬੰਦ ਕਟਵਾਉਂਦੇ ਮੁੱਖੋਂ ਹੱਸਦੇ ਰਹਿਣਗੇ...
ਆਖਣਗੇ ਸਤਿਗੁਰ ਨੇ ਮੀਂਹ ਪਾਇਆ ਮਿਹਰਾਂ ਦਾ...
ਪੰਥ ਖ਼ਾਲਸਾ ਸਾਜੂੰ ਬਾਗ਼ੀ ਬੱਬਰ ਸ਼ੇਰਾਂ ਦਾ...

ਸਿੱਖ ਸੂਰਮਿਓਂ ਅਣਗਿਣਤੇ ਸਿਰ ਦੇਣੇ ਪੈਣਗੇ...
ਦੁਸ਼ਮਣ ਦੇ ਸਿਰ ਵਾਂਗ ਚਿੱਬੜਾਂ ਫ਼ੇਹਣੇ ਪੈਣਗੇ...
ਜਾਣ ਮੁਗ਼ਲ ਕੀ ਚੱਖੂ ਮਜ਼ਾ ਸਕੀਲੇ ਬੇਰਾਂ ਦਾ...
ਪੰਥ ਖ਼ਾਲਸਾ ਸਾਜੂੰ ਬਾਗ਼ੀ ਬੱਬਰ ਸ਼ੇਰਾਂ ਦਾ...

ਮੁੱਕੇ ਕੁੱਲ ਵਸੀਲੇ ਸਿੱਧਾ ਮੱਥਾ ਲਾਉਣਾ ਪਊ...
ਨੇਜੇ-ਤੀਰਾਂ ਤਲਵਾਰਾਂ ਦਾ ਰਾਹ ਅਪਨਾਉਣਾ ਪਊ...
ਅੱਜ ਖੜ੍ਹਾ ਦਲ ਕਰਨਾ ਗਾਜੀ ਮਰਦ ਦਲੇਰਾਂ ਦਾ...
ਪੰਥ ਖ਼ਾਲਸਾ ਸਾਜੂੰ ਬਾਗ਼ੀ ਬੱਬਰ ਸ਼ੇਰਾਂ ਦਾ ...

ਕੀਤੇ ਕੌਲ ਅਕਾਲ ਪੁਰਖ ਸੰਗ ਡੱਟ ਕੇ ਪਾਲੂੰਗਾ...
ਅੱਗ ਵਿਦਰੋਹ ਦੀ ਹਰ ਸਿੱਖ ਦੇ ਮੈਂ ਅੰਦਰ ਬਾਲੂੰਗਾ...
ਅੰਧਕਾਰ ਵਿਚ ਚਾੜ੍ਹੂੰ ਸੂਰਜ ਸੁਰਖ ਸਵੇਰਾਂ ਦਾ...
ਪੰਥ ਖ਼ਾਲਸਾ ਸਾਜੂੰ ਬਾਗ਼ੀ ਬੱਬਰ ਸ਼ੇਰਾਂ ਦਾ...

ਤੱਕੜੀ ਤੋਲਣ ਵਾਲੇ ਦੇ ਹੱਥ ਤੇਗ਼ ਫੜਾਊਂ ਮੈਂ...
ਨਾਜ਼ੁਕ ਚਿੜੀਆਂ ਖ਼ੂਨੀ ਬਾਜ਼ਾਂ ਨਾਲ ਲੜਾਊਂ ਮੈਂ...
ਬਣਜੂਗਾ ਲਲਕਾਰਾ ਮਜ਼ਲੂਮਾਂ ਦੀਆਂ ਲੇਰਾਂ ਦਾ...
ਪੰਥ ਖ਼ਾਲਸਾ ਸਾਜੂੰ ਬਾਗ਼ੀ ਬੱਬਰ ਸ਼ੇਰਾਂ ਦਾ...

ਜੂਝਦਿਆਂ ਜੰਗ ਨਿਸ਼ਚੇ ਕਰਕੇ ਆਪਣੀ ਜੀਤ ਕਰੂੰ...
ਬਰਫ਼ਾਂ ਦੇ ਸੀਨਿਆਂ ਵਿਚ ਅੱਗ ਦੇ ਭਾਂਬੜ ਬਾਲ ਦਊਂ...
ਬੱਦਲ ਬਰੂਦ ਬਣਾਦੂੰ ਪਾਰਸ ਰੂੰਅ ਦੇ ਢੇਰਾਂ ਦਾ...
ਪੰਥ ਖ਼ਾਲਸਾ ਸਾਜੂੰ ਬਾਗ਼ੀ ਬੱਬਰ ਸ਼ੇਰਾਂ ਦਾ...

# ਕਿਰਪਾਨ

ਹਰੇਕ ਸਿੱਖ ਨੂੰ 'ਉਸ ਦੀ' ਕਿਰਪਾਨ ਪਾਉਣੀ ਪੈਂਦੀ ਹੈ, ਆਪਣੀ ਨਹੀਂ। ਕਿਰਪਾਨ ਤਾਂ ਗੁਰੂ ਦੀ ਬਖ਼ਸ਼ੀਸ਼ ਹੈ। ਇਹ ਹਮਲੇ ਜਾਂ ਬਚਾਓ ਦਾ ਹਥਿਆਰ ਨਹੀਂ; ਇਹ ਤਾਂ ਗੁਰੂ ਦੇ ਪਿਆਰ ਨਾਲ ਫ਼ੌਲਾਦੀ ਹੋਈ ਦਿਲ ਦੀ ਬਾਤ ਹੈ। ਸਿੱਖ ਦਾ ਦਿਲ ਕਿਰਪਾਨ ਵਰਗਾ ਹੋਣਾ ਚਾਹੀਦਾ ਹੈ। ਇਹ ਇਕ ਬਹੁਤ ਜ਼ਿਆਦਾ ਭਾਵਕ ਰੂਹ ਦਾ ਚਿੰਨ੍ਹ ਹੈ।

ਕਿਰਪਾਨ ਬਹੁਤ ਤੇਜ਼ੀ ਨਾਲ ਕਾਟ ਕਰਦੀ ਹੈ ਪਰ ਦਿਲ ਅੱਖ-ਝਪੱਕੇ ਵਿਚ ਅਜਿਹਾ ਕਰ ਸਕਦਾ ਹੈ। ਅਨੋਖੀ ਸ਼ੂੰਨਤਾ ਸਹਿਤ ਆਮ ਲੋਕਾਂ ਦੀ ਭੇਡ ਚਾਲ, ਜਿਨ੍ਹਾਂ ਪਾਸ ਬਾਜ਼ਾਂ ਵਾਂਗ ਉਡਣ ਦੀ ਸ਼ਕਤੀ ਨਹੀਂ, ਗੁਰੂ ਗੋਬਿੰਦ ਸਿੰਘ ਦੀ ਕਿਰਪਾਨ ਨਾਲ ਨਹੀਂ ਰਹਿ ਸਕਦੇ। ਇਹ ਤਾਂ ਗੁਰੂ ਦੇ ਸਿੱਖ ਦੀ ਅਜੀਬ ਸ਼ਖ਼ਸੀਅਤ ਦਾ ਚਿੰਨ੍ਹ ਹੈ। ਜੋ ਕੋਈ ਹਾਰ ਨਹੀਂ ਮੰਨਦੀ, ਮਾਯੂਸ ਨਹੀਂ ਹੁੰਦੀ, ਉਹ ਸ਼ਖ਼ਸੀਅਤ, ਜਿਸ ਦੀ ਆਸ ਨਹੀਂ ਟੁਟਦੀ, ਜਿਸ ਦੀ ਰੂਹਾਨੀ ਚਮਕ ਕਦੇ ਨਹੀਂ ਘਟਦੀ। ਗੁਰੂ ਗੋਬਿੰਦ ਸਿੰਘ ਕਹਿੰਦੇ ਹਨ, "ਸਵਾ ਲਾਖ ਸਿਓਂ ਏਕ ਲੜਾਊਂ"। ਇਹ ਰੌਸ਼ਨ ਮਨ ਦਾ ਅਧਿਕਾਰ ਖੇਤਰ ਹੈ। ਪੂਰੀ ਤਰ੍ਹਾਂ ਭਾਵੁਕ ਅਤੇ ਵਿਕਸਤ ਬੁੱਧੀ ਸੁਭਾਵਿਕ ਹੀ ਬਹੁਤ ਗ਼ਾਲਬ ਆ ਜਾਂਦੀ ਹੈ। ਇਥੋਂ ਤਕ ਕਿ ਇਹ ਸਥੂਲ ਰੂਪ ਵਿਚ ਵੀ ਬਹੁਤ ਮਨਮੋਹਕ ਤੇ ਦਿਲਕਸ਼ ਹੋ ਜਾਂਦੀ ਹੈ। ਇਹ ਸ਼ਮ੍ਹਾਂ ਦੀ ਲਾਟ ਵਾਂਗੂ ਆਪਣੇ ਦੁਆਲੇ ਪਰਵਾਨੇ ਇਕੱਠੇ ਕਰ ਲੈਂਦੀ ਹੈ। ਰੂਹਾਨੀ ਪਰਮ-ਮਨੁੱਖ ਦੀ ਹੋਂਦ ਲੱਖਾਂ 'ਤੇ ਕਾਬੂ ਪਾ ਸਕਦੀ ਹੈ। ਉਹ ਮਨ ਹੀ ਕੀ ਹੈ, ਜਿਸ ਵਿਚ ਬਿਜਲੀ ਅਤੇ ਤਲਵਾਰ ਦੀ ਚਮਕ ਨਹੀਂ। ਜੀਵਨ ਖੇਤਰ ਵਿਚ ਸਾਰੀਆਂ ਜਿੱਤਾਂ ਮਾਨਸਿਕ ਅਤੇ ਸਦਾਚਾਰਕ ਹਨ; ਸਰੀਰਕ ਜਿੱਤਾਂ ਕੋਈ ਜਿੱਤਾਂ ਨਹੀਂ। ਮੇਰਾ ਖ਼ਿਆਲ ਹੈ, ਜੋ ਗੁਰੂ ਸਾਹਿਬ ਦੀ ਕਿਰਪਾਨ ਪਹਿਨਦਾ ਹੈ, ਸਹਿਜੇ ਹੀ ਉਚੀ ਰੂਹਾਨੀਅਤ ਵਾਲਾ ਹੈ, ਉਸ ਦੀ ਰੂਹਾਨੀ ਸ਼ਕਤੀ ਵਾਲਾ। ਇਹ ਕਾਫ਼ੀ ਹੈ।

ਭੇਡ ਚਾਲ ਵਾਂਗ ਗੁਰੂ ਦੀ ਕਿਰਪਾਨ ਧਾਰਨ ਕਰਨਾ ਬੜਾ ਵੱਡਾ ਮਜ਼ਾਕ ਹੈ, ਜਿਵੇਂ ਕਿ ਜਗਨ ਨਾਥ ਦੇ ਮੰਦਰ ਵਿਚ ਪੱਥਰ ਦੀ ਮੂਰਤੀ ਸਾਵੇਂ ਪਿਤਲ ਦੀ ਥਾਲੀ ਵਿਚ ਤੇਲ ਦੇ ਦੀਵੇ ਬਾਲੇ ਹੋਏ ਹੋਣ, ਜਿਸ ਦੇ ਵਿਰੁੱਧ ਗੁਰੂ ਨਾਨਕ ਨੇ ਆਪਣੀ ਪ੍ਰਸਿੱਧ ਆਰਤੀ ਗਾਵੀਂ ਹੈ। ਉਸ ਦੀ ਕਿਰਪਾਨ ਪਹਿਨਣ ਦਾ ਕੋਈ ਅਰਥ ਨਹੀਂ, ਜੋ ਆਦਮੀ ਪੂਰਾ ਰੂਹਾਨੀ ਨਹੀਂ ਹੋ ਜਾਂਦਾ ਅਤੇ ਮਨੁੱਖ ਦਾ ਅੰਦਰਲਾ ਪਸ਼ੂ ਸਿਧਾਇਆ ਹੋਇਆ ਪਾਲਤੂ ਨਹੀਂ ਬਣ ਜਾਂਦਾ, ਜਿਵੇਂ ਕਿ ਸੇਂਟ ਫ਼ਰਾਂਸਿਸ ਨੇ ਕਿਹਾ ਸੀ 'ਉਸ ਦਾ ਗਧਾ' ਜਾਂ ਆਪਣੇ ਪੁਰਾਣੇ ਆਪੇ ਦਾ ਭੁਲਿਆ ਵਿਸਰਿਆ ਪਰਛਾਵਾਂ।

**-ਪ੍ਰੋ. ਪੂਰਨ ਸਿੰਘ ਜੀ**

## ਮਿੱਠੀ ਯਾਦ 'ਚ ਅਖੰਡ ਕੀਰਤਨ ਸਮਾਗਮ

ਸਾਡੇ ਸਤਿਕਾਰਯੋਗ ਭੈਣ ਬੀਬੀ ਕੁਲਵੰਤ ਕੌਰ ਜੀ (ਚੰਡੀਗੜ੍ਹ) ਸਪੁੱਤਰੀ ਭਾਈ ਦਰਸ਼ਨ ਸਿੰਘ ਜੀ ਦਿਲਰੁਬਾ, ਨੂੰਹ ਭਾਈ ਰਤਨ ਸਿੰਘ ਜੀ, ਆਪਣੇ ਸੁਆਸਾਂ ਰੂਪੀ ਪੂੰਜੀ ਪੂਰੀ ਕਰਦੇ ਹੋਏ ਮਿਤੀ 18 ਜਨਵਰੀ 2017 ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੇ ਸਨ। ਉਨ੍ਹਾਂ ਦੀ ਮਿੱਠੀ ਯਾਦ ਵਿਚ ਮਿਤੀ 16 ਅਪ੍ਰੈਲ 2017, ਦਿਨ ਐਤਵਾਰ ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਰੇਲਵੇ ਰੋਡ, ਹੁਸ਼ਿਆਰਪੁਰ ਵਿਖੇ ਸਵੇਰੇ 06.00 ਵਜੇ ਤੋਂ ਲੈ ਕੇ ਬਾਅਦ ਦੁਪਹਿਰ 01.00 ਵਜੇ ਤੱਕ ਅਖੰਡ ਕੀਰਤਨ ਦੇ ਅਖਾੜੇ ਸਜਾਏ ਜਾਣਗੇ। ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਆਇ ਦੀਦਾਰੇ ਬਖਸ਼ੋ ਜੀ ਅਤੇ ਹਰਿ ਜਸ ਦੇ ਲਾਹੇ ਭੁੰਚੋ ਜੀ।

**ਬੇਨਤੀ ਕਰਤਾ**
**ਮਲਕੀਤ ਸਿੰਘ ਮੋਹਾਲੀ,**
**ਹਰਦੀਪ ਸਿੰਘ ਹੁਸ਼ਿਆਰਪੁਰ।**
**ਸੰਪਰਕ : 94643-22093, 78889-98611.**

## ਸੰਯੋਗ ਸਾਹਾ

■ Amritdhari boy 27, 5' 10", B.COM,M.B.A. in Finance, OWN Business 7 LAC PA, Required Educated GURSIKH GIRL. Contact : 84375-75575, 92161-00669.

■ ਅੰਮ੍ਰਿਤਧਾਰੀ, ਰਹਿਤਵਾਨ ਬੀਬੀ, 39 ਸਾਲ, 5' 5", ਤਲਾਕਸ਼ੁਦਾ, (ਇਕ ਲੜਕਾ 10 ਸਾਲ ਦਾ) ਐਮ. ਏ. ਸੰਗੀਤ, ਨਿੱਜੀ ਸਕੂਲ 'ਚ ਪੜ੍ਹਾਉਂਦੀ, ਲਈ 45 ਸਾਲ ਤੱਕ ਉਮਰ ਵਾਲੇ, ਅੰਮ੍ਰਿਤਧਾਰੀ ਜੀਵਨ ਸਾਥੀ ਸਿੰਘ ਦੀ ਲੋੜ। ਸੰਪਰਕ : 78144-53598, 78144-53530.

■ ਅੰਮ੍ਰਿਤਧਾਰੀ ਸਿੰਘ, 27 ਸਾਲ, 5' 10", ਬੀ.ਐਸ. ਸੀ., ਆਈ.ਟੀ., ਐਮ.ਐਸ.ਸੀ., ਆਪਣਾ ਰੈਡੀਮੇਡ ਦਾ ਸ਼ੋਅ ਰੂਮ, ਲਈ ਅੰਮ੍ਰਿਤਧਾਰੀ ਰਹਿਤਵਾਨ ਬੀਬੀ ਦੇ ਰਿਸ਼ਤੇ ਦੀ ਲੋੜ। ਸੰਪਰਕ : 94171-16702.

■ ਅੰਮ੍ਰਿਤਧਾਰੀ ਸਿੰਘ, 28 ਸਾਲ, ਜਲੰਧਰ ਵਿਚ ਆਪਣਾ ਚੰਗਾ ਕਾਰੋਬਾਰ, ਲਈ ਅੰਮ੍ਰਿਤਧਾਰੀ ਦਸਤਾਰਧਾਰੀ ਬੀਬੀ ਦੇ ਰਿਸ਼ਤੇ ਦੀ ਲੋੜ। ਸੰਪਰਕ : 98554-99511, 95013-45697.

■ ਅੰਮ੍ਰਿਤਧਾਰੀ ਸਿੰਘ, 32 ਸਾਲ, 5' 11' ਐਮ.ਐਸ. ਸੀ. (ਆਈ.ਟੀ.) ਮੋਹਾਲੀ 'ਚ ਨੌਕਰੀ ਸਾਫਟਵੇਅਰ ਡਿਵੈਲਪਰ, ਲਈ ਅੰਮ੍ਰਿਤਧਾਰੀ ਦਸਤਾਰਧਾਰੀ ਬੀਬੀ ਦੇ ਰਿਸ਼ਤੇ ਦੀ ਲੋੜ। ਸੰਪਰਕ : 98728-34474.

■ ਅੰਮ੍ਰਿਤਧਾਰੀ ਸਿੰਘ, ਕੈਨੇਡਾ ਸੈਟਲਡ, 28 ਸਾਲ, 5' 9", ਲਈ ਪੜ੍ਹੀ-ਲਿਖੀ, ਅੰਮ੍ਰਿਤਧਾਰੀ ਰਹਿਤਵਾਨ ਬੀਬੀ ਦੇ ਰਿਸ਼ਤੇ ਦੀ ਲੋੜ। ਸੰਪਰਕ : 94171-16702.


# 'ਸੋ ਕਹੀਅਤ ਹੈ ਸੂਰਾ' ਬਾਲ ਪ੍ਰਸ਼ਨੋਤਰੀ ਪ੍ਰਤੀਯੋਗਤਾ

ਅਦਾਰਾ 'ਸੋ ਕਹੀਅਤ ਹੈ ਸੂਰਾ' ਵਲੋਂ ਤਿੰਨ ਸਾਲ ਪੂਰੇ ਹੋਣ 'ਤੇ ਗੁਰਸਿੱਖ ਬੱਚਿਆਂ ਲਈ 'ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ' ਦੇ ਗੁਰ ਫ਼ਰਮਾਨ ਮੁਤਾਬਕ ਗੁਰਬਾਣੀ, ਗੁਰੂ ਇਤਿਹਾਸ, ਗੁਰੂ ਸਿਧਾਂਤ ਅਤੇ ਗੁਰੂ ਸੰਕਲਪ ਨਾਲ ਸਾਂਝ ਦ੍ਰਿੜ੍ਹ ਕਰਨ ਅਤੇ ਬੱਚਿਆਂ ਦੀਆਂ ਗੁਰਮਤਿ ਅਨੁਸਾਰ ਸਿਰਜਣਾਤਮਕ ਰੁਚੀਆਂ ਨੂੰ ਉਤਸ਼ਾਹਿਤ ਕਰਨ ਲਈ ਇਕ ਬਾਲ ਪ੍ਰਸ਼ਨੋਤਰੀ ਸ਼ੁਰੂ ਕੀਤੀ ਜਾ ਰਹੀ ਹੈ, ਜਿਸ ਵਿਚ ਹਰ ਮਹੀਨੇ ਦੇ 'ਸੋ ਕਹੀਅਤ ਹੈ ਸੂਰਾ' ਵਿਚ ਤਿੰਨ ਸਵਾਲ ਪੁੱਛੇ ਜਾਣਗੇ, ਜੋ ਗੁਰਬਾਣੀ ਅਤੇ ਸਿੱਖ ਇਤਿਹਾਸ ਵਿਚੋਂ ਹੋਣਗੇ। ਇਨ੍ਹਾਂ ਸਵਾਲਾਂ ਦੇ ਜਵਾਬ ਭੇਜਣ ਦੀ ਆਖ਼ਰੀ ਮਿਤੀ ਉਸ ਮਹੀਨੇ ਦੀ 30 ਤਾਰੀਖ਼ ਹੋਇਆ ਕਰੇਗੀ। ਇਸ ਪ੍ਰਤੀਯੋਗਤਾ ਵਿਚ ਕੇਵਲ 8 ਸਾਲ ਤੋਂ ਲੈ ਕੇ 15 ਸਾਲ ਤੱਕ ਦੀ ਉਮਰ ਦੇ ਬੱਚੇ ਹਿੱਸਾ ਲੈ ਸਕਦੇ ਹਨ। ਪ੍ਰਸ਼ਨੋਤਰੀ ਦੇ ਸਹੀ ਜਵਾਬ ਭੇਜਣ ਵਾਲੇ ਬੱਚਿਆਂ ਵਿਚੋਂ ਡਰਾਅ ਰਾਹੀਂ ਤਿੰਨ ਬੱਚਿਆਂ ਨੂੰ ਇਨਾਮ ਲਈ ਚੁਣਿਆ ਜਾਵੇਗਾ।



ਪਹਿਲਾ ਇਨਾਮ = 1000 ਰੁਪਏ+ਟੈਬਲੇਟ
ਦੂਜਾ ਇਨਾਮ = 500 ਰੁਪਏ+ਟੈਬਲੇਟ
ਤੀਜਾ ਇਨਾਮ = ਟੈਬਲੇਟ



ਪ੍ਰਸ਼ਨੋਤਰੀ ਦਾ ਜਵਾਬ ਭੇਜਣ ਦਾ ਤਰੀਕਾ : ਕੋਈ ਵੀ 8 ਸਾਲ ਤੋਂ 15 ਸਾਲ ਤੱਕ ਦਾ ਗੁਰਸਿੱਖ ਬੱਚਾ ਸਵਾਲਾਂ ਦੇ ਜਵਾਬ ਹੇਠਾਂ ਦਿੱਤੇ ਕੂਪਨ ਵਿਚ ਭਰ ਕੇ ਇਸ ਨੂੰ ਸਾਡੇ ਈ-ਮੇਲ ਪਤੇ ਜਾਂ ਵਟਸਐਪ ਨੰਬਰ 'ਤੇ ਭੇਜ ਸਕਦਾ ਹੈ।

ਈ-ਮੇਲ ਪਤਾ : akjmagzine@yahoo.com
ਵਟਸਐਪ ਨੰਬਰ : +91 86990-23874

## ਕੂਪਨ ਨੰਬਰ- 13

ਨਾਮ : .............................................................................. ਉਮਰ :...............

ਕਲਾਸ/ਸਕੂਲ ਦਾ ਨਾਮ : ..........................................................................

..........................................................................................

ਪਤਾ : ..........................................................................................

..........................................................................................

ਮੋਬਾਇਲ ਫ਼ੋਨ ਨੰਬਰ : ................................ ਸੂਰਾ ਚਿੱਟ ਨੰਬਰ : ..........................

ਜਵਾਬ 1 : ..........................................................................................

..........................................................................................

ਜਵਾਬ 2 : ..........................................................................................

..........................................................................................

..........................................................................................

ਜਵਾਬ 3 : ..........................................................................................

..........................................................................................

## ਅਪ੍ਰੈਲ ਮਹੀਨੇ ਦੀ ਪ੍ਰਸ਼ਨੋਤਰੀ

1. ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ ਕਦੋਂ ਤੇ ਕਿੱਥੇ ਹੋਇਆ ਸੀ ?
2. ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਮਾਤਾ-ਪਿਤਾ ਦਾ ਨਾਂਅ ਲਿਖੋ ?
3. ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਕਦੋਂ ਤੇ ਕਿੱਥੇ ਪ੍ਰਗਟ ਹੋਏ ਸਨ ?

**ਫਰਵਰੀ ਮਹੀਨੇ ਦੀ ਪ੍ਰਸ਼ਨੋਤਰੀ ਦਾ ਸਹੀ ਜਵਾਬ ਦੇਣ ਵਾਲਿਆਂ ਵਿਚੋਂ ਡਰਾਅ ਰਾਹੀਂ ਇਨਾਮ ਜੇਤੂ ਤਿੰਨ ਬੱਚਿਆਂ ਦੇ ਨਾਵਾਂ ਦਾ ਤਸਵੀਰਾਂ ਸਹਿਤ ਵੇਰਵਾ ਅਖ਼ੀਰਲੇ ਰੰਗਦਾਰ ਸਫ਼ੇ 'ਤੇ ਦੇਖੋ।**

## ਮਹੀਨੇਵਾਰ ਅਖੰਡ ਕੀਰਤਨ ਸਮਾਗਮ

# ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਜੀ ਵਿਖੇ

ਗੁਰੂ ਰੂਪ ਸਤਿਕਾਰਯੋਗ ਸਾਧ ਸੰਗਤ ਜੀਓ, ਦੋਵੇਂ ਹੱਥ ਜੋੜ ਸਨਿਮਰ ਜੋਦੜੀ ਹੈ ਕਿ ਸਮੂਹ ਸੰਗਤਾਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ, ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਸਹਿਯੋਗ ਨਾਲ ਹਰ ਮਹੀਨੇ ਦੇ ਪਹਿਲੇ ਐਤਵਾਰ ਨੂੰ ਛੋਟੇ ਸਾਹਿਬਜ਼ਾਦਿਆਂ ਦੇ ਪਾਵਨ ਸ਼ਹੀਦੀ ਅਸਥਾਨ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਕੀਰਤਨ ਦਿਵਸ ਸੁਹੇਲਾ ਸਵੇਰੇ 04:30 ਵਜੇ ਤੋਂ ਸ਼ਾਮ 04:30 ਵਜੇ ਤੱਕ ਹੁੰਦੇ ਹਨ। ਅਗਲੇ ਮਹੀਨਿਆਂ ਦੇ ਸਮਾਗਮ ਹੇਠਾਂ ਲਿਖੇ ਅਨੁਸਾਰ ਹਨ ਜੀ। ਆਏ ਦੀਦਾਰੇ ਬਖ਼ਸ਼ੋ ਜੀ।

**ਵੇਰਵਾ**

ਮਿਤੀ 2 ਅਪ੍ਰੈਲ 2017, ਦਿਨ ਐਤਵਾਰ ਨੂੰ
ਮਿਤੀ 7 ਮਈ 2017, ਦਿਨ ਐਤਵਾਰ ਨੂੰ
ਮਿਤੀ 4 ਜੂਨ 2017, ਦਿਨ ਐਤਵਾਰ ਨੂੰ
ਮਿਤੀ 2 ਜੁਲਾਈ 2017, ਦਿਨ ਐਤਵਾਰ ਨੂੰ
ਮਿਤੀ 6 ਅਗਸਤ 2017, ਦਿਨ ਐਤਵਾਰ ਨੂੰ

ਜੇਕਰ ਇਨ੍ਹਾਂ ਤਾਰੀਖ਼ਾਂ ਵਿਚ ਕੋਈ ਕੇਂਦਰੀ ਸਮਾਗਮ ਆਉਂਦਾ ਹੈ ਤਾਂ ਪ੍ਰੋਗਰਾਮ ਵਿਚ ਤਬਦੀਲੀ ਕੀਤੀ ਜਾ ਸਕਦੀ ਹੈ।

ਵਲੋਂ : ਸਮੂਹ ਸਾਧ ਸੰਗਤ ਤੇ ਅਖੰਡ ਕੀਰਤਨੀ ਜਥਾ, ਫ਼ਤਹਿਗੜ੍ਹ ਸਾਹਿਬ।

ਸਹਿਯੋਗੀ : ਮੁੱਖ ਗ੍ਰੰਥੀ ਅਤੇ ਮੈਨੇਜਰ, ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ।
ਸੰਪਰਕ : 98150-40236, 98763-79748, 98782-77100, 92165-62446.

---

### ਪਾਤਿਸ਼ਾਹੀ ਦਸਵੀਂ

# ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਸ੍ਰੀ ਮਾਛੀਵਾੜਾ ਵਿਖੇ

## ਮਿਤੀ 6 ਮਈ 2017 (ਸਨਿੱਚਰਵਾਰ) ਦੀ ਰਾਤ ਨੂੰ

# ਸਾਲਾਨਾ ਕੀਰਤਨ ਰੈਣਿ ਸਬਾਈ

ਆਪ ਜੀ ਸਰਬਤ ਗੁਰੂ ਕੇ ਲਾਲ ਕੀਰਤਨੀ ਵੀਰਾਂ, ਭੈਣਾਂ ਅਤੇ ਸਰਬਤ ਸੰਗਤਾਂ ਦੇ ਚਰਨਾਂ ਵਿੱਚ ਦੋਇ ਕਰ ਜੋੜ ਸਨਿਮਰ ਜੋਦੜੀ ਹੈ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚਮਕੌਰ ਦੀ ਗੜ੍ਹੀ ਨੂੰ ਛੱਡਣ ਉਪਰੰਤ ਬਹੁਤ ਹੀ ਬਿੱਖੜੇ ਪੈਂਡਿਆਂ ਰਾਹੀਂ ਆਪ ਜੀ ਦੇ ਦਰਸ਼ਨਾਂ ਨੂੰ ਤਰਸਦੀਆਂ ਪਵਿੱਤਰ ਰੂਹਾਂ ਨੂੰ ਤਾਰਦੇ ਹੋਏ ਮਾਛੀਵਾੜਾ ਵਿਖੇ ਇੱਥੇ ਸਥਿਤ ਬਾਗ ਵਿੱਚ ਪਹੁੰਚੇ ਇਸ ਅਸਥਾਨ ਤੇ ਟਿੰਡ ਦਾ ਸਰਹਾਣਾ ਲੈ ਕੇ ਕੁਝ ਸਮੇਂ ਲਈ ਆਰਾਮ ਕੀਤਾ ਤੇ ਇੱਥੇ ਹੀ ਇਹ ਪਵਿੱਤਰ ਸ਼ਬਦ **"ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾ ਦਾ ਕਹਿਣਾ"** ਉਚਾਰਿਆ। ਗੁਰੂ ਸਾਹਿਬ ਜੀ ਦੇ ਪਵਿੱਤਰ ਚਰਨਾਂ ਛੋਹੀ ਧਰਤੀ, ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ **ਗੁਰੂ ਸਾਹਿਬ ਜੀ ਦੀ ਪਵਿੱਤਰ ਯਾਦ ਵਿੱਚ** ਹਰ ਸਾਲ ਦੀ ਤਰ੍ਹਾਂ ਸਾਲਾਨਾ ਕੀਰਤਨ ਰੈਣਿ ਸਬਾਈ ਸੋਦਰੁ ਰਹਿਰਾਸ ਸਾਹਿਬ ਜੀ ਦੇ ਪਾਠ ਉਪਰੰਤ ਸ਼ਾਮ 7.30 ਵਜੇ ਸ਼ੁਰੂ ਹੋਣਗੇ, ਜਿਹਨਾਂ ਦਾ ਭੋਗ ਐਤਵਾਰ ਸਵੇਰੇ 4.00 ਵਜੇ ਪਵੇਗਾ ਜੀ।

ਆਉ ਜੀ, ਆਪਣੇ ਪਰਿਵਾਰਾਂ ਅਤੇ ਸੰਗੀ ਸਾਥੀਆਂ ਸਹਿਤ ਗੁਰਬਾਣੀ ਕੀਰਤਨ ਦੇ ਇਲਾਹੀ ਰਸ ਭੁੰਚਣ ਵਾਸਤੇ ਦੀਦਾਰ ਬਖਸ਼ੋ ਜੀ।

ਸੰਗਤਾਂ ਦੀ ਚਰਨ ਧੂੜ ਲੋਚਦੇ ਆਪ ਜੀ ਦੇ ਦੀਦਾਰਾਂ ਦੀ ਤਾਂਘ ਅੰਦਰ

**ਦਾਸਰੇ :- ਅਖੰਡ ਕੀਰਤਨੀ ਜੱਥਾ, ਚੰਡੀਗੜ੍ਹ**

ਸੰਪਰਕ : 98726-33388 93160-23874 94642-67956 98889-51166 98141-80354

ਸਹਿਯੋਗੀ : ਸਮੂਹ ਅਖੰਡ ਕੀਰਤਨੀ ਜੱਥੇ ਅਤੇ
ਮੈਨੇਜਰ : ਗੁਰਦੁਆਰਾ ਸ੍ਰੀ ਚਰਨਕੰਵਲ ਸਾਹਿਬ, ਦਰਬਾਰ ਸਾਹਿਬ ਮਾਛੀਵਾੜਾ ਫੋਨ : 01628-250190

# 'ਸੋ ਕਹੀਅਤ ਹੈ ਸੂਰਾ' ਬਾਲ ਪ੍ਰਸ਼ਨੋਤਰੀ (ਫਰਵਰੀ ਮਹੀਨਾ) ਵਿਚ ਇਨਾਮ ਜੇਤੂ ਬੱਚੇ



ਪਹਿਲਾ ਇਨਾਮ : ਜਸਦੀਪ ਸਿੰਘ, ਉਮਰ 11 ਸਾਲ, ਪਿੰਡ ਨੰਗਲ ਖੂੰਗਾ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ।

**ਪਹਿਲਾ ਇਨਾਮ**


**1000 ਰੁਪਏ+ਟੈਬਲੇਟ**



ਦੂਜਾ ਇਨਾਮ : ਜਸਪ੍ਰੀਤ ਕੌਰ, ਉਮਰ 11 ਸਾਲ, ਜਮਾਤ ਛੇਵੀਂ, ਪਿੰਡ ਨਰੂੜ, ਤਹਿਸੀਲ ਫ਼ਗਵਾੜਾ, ਜ਼ਿਲ੍ਹਾ ਕਪੂਰਥਲਾ।

**ਦੂਜਾ ਇਨਾਮ**

**500 ਰੁਪਏ+ਟੈਬਲੇਟ**



ਤੀਜਾ ਇਨਾਮ : ਕੀਰਤ ਕੌਰ, ਜਮਾਤ ਤੀਜੀ, # 65, ਕਮਲਾ ਨਹਿਰੂ ਕਲੋਨੀ, ਬਠਿੰਡਾ।

**ਤੀਜਾ ਇਨਾਮ**

**ਟੈਬਲੇਟ**

## ਸੇਵਾ ਆਰੰਭ

## ਗੁਰਦੁਆਰਾ ਸਾਹਿਬ ਤਪੋਬਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਕੁਮਾਰਹੱਟੀ

ਗੁਰਦੁਆਰਾ ਸਾਹਿਬ ਤਪੋਬਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਕੁਮਾਰਹੱਟੀ, ਜ਼ਿਲ੍ਹਾ ਸੋਲਨ (ਹਿਮਾਚਲ ਪ੍ਰਦੇਸ਼) ਵਿਖੇ ਸਮਾਗਮਾਂ ਸਮੇਂ ਸੰਗਤਾਂ ਨੂੰ ਆਉਂਦੀਆਂ ਮੁਸ਼ਕਿਲਾਂ ਅਤੇ ਔਕੜਾਂ ਨੂੰ ਮੁੱਖ ਰੱਖਦਿਆਂ ਲੰਗਰ, ਰਿਹਾਇਸ਼ ਅਤੇ ਜਲ ਭੰਡਾਰ ਦੀ ਉਸਾਰੀ ਆਰੰਭ ਕੀਤੀ ਗਈ ਹੈ। ਇਹ ਕਾਰਜ ਸੰਗਤ ਵਲੋਂ ਬਖ਼ਸ਼ੇ ਹੌਸਲੇ ਅਤੇ ਉਦਮ ਸਦਕਾ ਹੀ ਆਰੰਭ ਹੋ ਸਕਿਆ ਹੈ। ਤਿੰਨ ਪੜਾਵਾਂ ਵਿਚ ਮੁਕੰਮਲ ਹੋਣ ਵਾਲੇ ਇਸ ਵਿਸ਼ਾਲ ਉਸਾਰੀ ਕਾਰਜ 'ਤੇ ਕੁੱਲ ਲਾਗਤ ਲਗਭਗ 1.75 ਤੋਂ 2 ਕਰੋੜ ਰੁਪਏ ਆਉਣ ਦਾ ਅਨੁਮਾਨ ਹੈ। ਪਹਿਲੇ ਪੜਾਅ ਤਹਿਤ ਸ਼ੁਰੂ ਕੀਤੇ ਗਏ ਕਾਰਜਾਂ ਦੀ ਲਾਗਤ ਲਗਭਗ 80 ਲੱਖ ਰੁਪਏ ਆਉਣੀ ਹੈ। ਇਸ ਕਾਰਜ ਦੀ ਸੰਪੂਰਨਤਾ ਵੀ ਸੰਗਤ ਦੇ ਭਰਪੂਰ ਸਹਿਯੋਗ ਨਾਲ ਹੀ ਸੰਭਵ ਹੈ। ਇਸ ਕਾਰਜ ਲਈ ਸੇਵਾ ਬੈਂਕ ਰਾਹੀਂ, ਚੈੱਕ ਜਾਂ ਡਰਾਫ਼ਟ ਰਾਹੀਂ ਭੇਜ ਸਕਦੇ ਹੋ।



| | |
|---|---|
| Beneficiary Name: | Gurdwara Tapoban Bhai Sahib Bhai Randhir Singh Trust |
| Account Number: | 05160100005331 |
| IFSC Code: | UCBA0000516 |

(used for **RTGS**, **IMPS** and **NEFT** transactions)

Beneficiary Bank Name & Address: UCO Bank, Kumarhati, Dist Solan HP INDIA

ਚੈਕ ਜਾਂ ਡਰਾਫਟ Gurdwara Tapoban Bhai Sahib Bhai Randhir Singh Trust ਦੇ ਨਾਮ ਦਾ ਸਿਰਫ਼ ਖਾਤੇ ਵਿਚ ਜਮਾਂ ਹੋਣ ਯੋਗ (a/c payee) President, Shri Gurdwara Sahib Tapoban Bhai Randhir Singh ji, Kumarhati, Dist Solan 173229 HP INDIA

ਵਧੇਰੇ ਜਾਣਕਾਰੀ ਲਈ ਸਥਾਨਕ ਸੇਵਾਦਾਰਾਂ ਨਾਲ +919816135173, +91 9736092352 ਤੇ ਸੰਪਰਕ ਕਰ ਸਕਦੇ ਹੋ।

# ਦੰਭੀ ਗੁਰੂਆਂ ਦੇ ਰੂਪ ਵਿਚ ਹੋਏ ਗੁੱਝੇ ਹਿੰਦੁਸਤਾਨੀ ਹਮਲੇ ਨੂੰ ਛਾਤੀਆਂ ਵਿਚ ਗੋਲੀਆਂ ਖਾ ਕੇ ਠੱਲ੍ਹਣ ਵਾਲੇ ਸੂਰਮੇ



Postal Registration No.CHD/0178/2015-2017